# ਸਮਕਾਲੀ ਪੰਜਾਬੀ ਕਹਾਣੀ ਵਿੱਚ ਨਾਰੀਵਾਦੀ ਸਰੋਕਾਰ

## (ਨਿਰਮਲ ਜਸਵਾਲ, ਰਸ਼ਪਿੰਦਰ ਰਸ਼ਿਮ, ਬਚਿੰਤ ਕੌਰ, ਅੰਮ੍ਰਿਤਪਾਲ ਕੌਰ, ਰਾਣੀ ਨਗਿੰਦਰ ਕੌਰ ਅਤੇ ਪ੍ਰਵੇਜ਼ ਸੰਧੂ ਦੇ ਵਿਸ਼ੇਸ਼ ਸੰਦਰਭ ਵਿੱਚ)

# SAMKALI PUNJABI KAHANI VICH NARRIVADI SAROKAR

## (NIRMAL JASWAL, RASHPINDER RASHIM, BACHINT KAUR, AMRITPAL KAUR, RANI NAGINDER KAUR ATE PARVEZ SANDHU DE VISHESH SANDARBH VICH)

**A THESIS**

**Submitted to the**

**FACULTY OF LANGUAGES**

**PANJAB UNIVERSITY, CHANDIGARH**

**for the Degree of**

**DOCTOR OF PHILOSOPHY**

**2021**


**GURWINDER KAUR**

**SCHOOL OF PUNJABI STUDIES**

**PANJAB UNIVERSITY**

**CHANDIGARH**

# ਨਿਸ਼ਕਰਸ਼

# ਨਿਸ਼ਕਰਸ਼

ਸਮਕਾਲੀ ਪੰਜਾਬੀ ਕਹਾਣੀ ਇਕੋ ਸਮੇਂ ਆਪਣੇ ਸਮਾਜ-ਸਭਿਆਚਾਰ ਨਾਲ ਵੀ ਸੰਬੰਧਿਤ ਹੈ ਅਤੇ ਵਿਸ਼ਵ ਪੱਧਰ 'ਤੇ ਨਾਰੀਵਾਦੀ ਚਿੰਤਨ ਦੁਆਰਾ ਪੇਸ਼ ਨਵੀਨ ਅੰਤਰ-ਦ੍ਰਿਸ਼ਟੀਆਂ ਨਾਲ ਵੀ ਸੰਵਾਦ ਰਚਾ ਰਹੀ ਹੈ। ਸਮਕਾਲੀ ਪੰਜਾਬੀ ਕਹਾਣੀ ਪਿਛਲੇ ਦੌਰ ਦੀ ਕਹਾਣੀ ਦੇ ਨਿਸਬਤਨ ਔਰਤ ਦੇ ਜਟਿਲ ਅਸਤਿਤਵੀ ਮਸਲਿਆਂ ਅਤੇ ਮਨੋਸੰਰਚਨਾ ਉੱਤੇ ਵਿਸ਼ੇਸ਼ ਤੌਰ 'ਤੇ ਫੋਕਸ ਕਰਦੀ ਹੈ। ਪਿਛਲੇ ਦੋ ਦਹਾਕਿਆਂ ਤੋਂ ਨਾਰੀ ਕਹਾਣੀਕਾਰਾਂ ਦੇ ਸਮਾਨਾਂਤਰ ਮਰਦ ਕਹਾਣੀਕਾਰ ਔਰਤ ਦੀ ਦਮਿਤ ਸਥਿਤੀ, ਹੋਂਦਮੂਲਕ ਸਮੱਸਿਆਵਾਂ, ਮਾਨਵੀ ਅਕਾਂਖਿਆਵਾਂ, ਸੁਤੰਤਰ ਅਸਤਿਤਵੀ ਪਛਾਣ ਅਤੇ ਆਜ਼ਾਦੀ ਨਾਲ ਜੁੜੇ ਵਿਭਿੰਨ ਨਾਰੀ ਸਰੋਕਾਰਾਂ ਨੂੰ ਪੇਸ਼ ਕਰਨ ਵੱਲ ਰੁਚਿਤ ਹੋਏ ਹਨ। ਇਸ ਰੁਝਾਨ ਦੇ ਪਿਛੋਕੜ ਵਿੱਚ ਨਾਰੀਵਾਦੀ ਲਹਿਰਾਂ ਅਤੇ ਪੱਛਮੀ ਨਾਰੀਵਾਦੀ ਚਿੰਤਨ ਦਾ ਪ੍ਰਭਾਵ ਅਚੇਤ/ਸੁਚੇਤ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ। ਪੱਛਮ ਵਿੱਚ ਨਾਰੀਵਾਦੀ ਚਿੰਤਨਧਾਰਾ ਨਾਲ ਸੰਬੰਧਿਤ ਕਈ ਮਾਡਲ ਵਿਕਸਿਤ ਹੋਏ ਹਨ। ਇਹਨਾਂ ਮਾਡਲਾਂ ਨਾਲ ਸੰਬੰਧਿਤ ਬਹੁਤ ਸਾਰੇ ਚਿੰਤਕਾਂ, ਬੁੱਧੀਜੀਵੀਆਂ, ਵਿਦਵਾਨਾਂ ਅਤੇ ਖੋਜੀਆਂ ਨੇ ਪਿੱਤਰਕੀ ਸਮਾਜਿਕ ਸੰਰਚਨਾ, ਨਾਰੀ ਦੀ ਹਾਸ਼ੀਆਕ੍ਰਿਤ ਸਥਿਤੀ, ਨਾਰੀ ਹੋਂਦ, ਮਨੋ-ਸਮਾਜਿਕ ਬਣਤਰ, ਨਾਰੀ ਕਾਮੁਕਤਾ ਤੇ ਪ੍ਰਜਣਨ, ਸਵੈ-ਪਛਾਣ, ਨਾਰੀ ਦੇਹ, ਨਾਰੀ ਭਾਸ਼ਾ, ਨਾਰੀ ਸਿਰਜਣਾਤਮਕਤਾ ਅਤੇ ਨਾਰੀ ਪਾਠ ਨਾਲ ਸੰਬੰਧਿਤ ਪ੍ਰਸ਼ਨਾਂ ਨੂੰ ਵਿਸ਼ਵ ਪੱਧਰ 'ਤੇ ਬਹਿਸ ਦਾ ਹਿੱਸਾ ਬਣਾਇਆ। ਉਦਾਰਵਾਦੀ ਨਾਰੀਵਾਦੀ ਮਾਡਲ ਨਾਲ ਜੁੜੇ ਪ੍ਰਮੁੱਖ ਚਿੰਤਕ ਪਿੱਤਰੀ ਪ੍ਰਬੰਧ ਵਿੱਚ ਨਾਰੀ ਦੀ ਦੁਜੈਲੀ ਅਤੇ ਦਮਿਤ ਸਥਿਤੀ ਦਾ ਅਧਿਐਨ ਕਰਦੇ ਹੋਏ ਨਾਰੀ ਨਾਲ ਲਿੰਗ ਦੇ ਆਧਾਰ 'ਤੇ ਕੀਤੇ ਜਾਂਦੇ ਭੇਦ-ਭਾਵ ਨੂੰ ਖ਼ਤਮ ਕਰਨ ਅਤੇ ਉਸਨੂੰ ਸਮਾਜਿਕ, ਆਰਥਿਕ, ਰਾਜਨੀਤਕ, ਨਿਆਂਇਕ ਆਦਿ ਹਰ ਖੇਤਰ ਵਿੱਚ ਮਰਦ ਦੇ ਬਰਾਬਰ ਅਧਿਕਾਰ ਦੇਣ 'ਤੇ ਜ਼ੋਰ ਦਿੰਦੇ ਹਨ। ਉਹ ਨਾਰੀ ਦੀ ਆਜ਼ਾਦੀ ਲਈ ਉਸ ਨੂੰ ਘਰੋਂ ਬਾਹਰ ਰੁਜ਼ਗਾਰ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੇ ਹਨ। ਰੈਡੀਕਲ ਨਾਰੀਵਾਦੀ ਮਾਡਲ ਨਾਲ ਸੰਬੰਧਿਤ ਚਿੰਤਕ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰਸੱਤਾਤਮਕ ਸੰਸਥਾਵਾਂ ਨੂੰ ਨਾਰੀ ਸ਼ੋਸ਼ਣ ਦਾ ਕਾਰਨ ਮੰਨਦੇ ਹੋਏ ਇਹਨਾਂ ਦੀ ਤਹਿ ਹੇਠ ਕਾਰਜਸ਼ੀਲ ਪਿੱਤਰਕੀ ਸਿਆਸਤ ਨੂੰ ਨੰਗਾ ਕਰਦੇ ਹਨ। ਉਹ ਨਾਰੀ ਦੀ ਆਜ਼ਾਦੀ ਲਈ ਜਿੱਥੇ ਇਹਨਾਂ ਸਭਿਆਚਾਰਕ ਸੰਰਚਨਾਵਾਂ ਨੂੰ ਖ਼ਤਮ ਕਰਨ ਦਾ ਸੁਝਾਅ ਦਿੰਦੇ ਹਨ, ਉੱਥੇ ਨਾਰੀ ਨੂੰ ਉਸਦੀ ਦੇਹ ਉੱਪਰ ਸਵੈ-ਅਧਿਕਾਰ ਦੇਣ ਦਾ ਮੁੱਦਾ ਉਠਾਉਂਦੇ ਹਨ। ਰੈਡੀਕਲ ਨਾਰੀਵਾਦ ਦੇ ਤੀਬਰ ਪ੍ਰਤੀਕਰਮ ਦੇ ਫਲਸਰੂਪ ਲੈਸਬੀਅਨ ਰੁਝਾਨ ਦਾ ਜਨਮ ਹੋਇਆ। ਲੈਸਬੀਅਨ ਨਾਰੀਵਾਦੀ ਚਿੰਤਕਾਂ ਨੇ ਵੀ ਪਿੱਤਰੀ ਵਿਆਹ ਸੰਸਥਾ ਵਿਚਲੇ ਪਰਜਿਨਸੀ ਸੰਬੰਧਾਂ (Heterosexual) ਨੂੰ ਔਰਤ ਦੇ ਸ਼ੋਸ਼ਣ ਲਈ ਜ਼ਿੰਮੇਵਾਰ ਠਹਿਰਾਉਂਦਿਆ

ਹੋਇਆ ਇਸ ਸੰਸਥਾ ਨੂੰ ਖ਼ਤਮ ਕਰਨ ਤੇ ਜ਼ੋਰ ਦਿੱਤਾ। ਇਸ ਚੇਤਨਾ ਦੇ ਫਲਸਰੂਪ ਸਮਲਿੰਗਕਤਾ ਦਾ ਸੰਕਲਪ ਵਿਸ਼ਵ ਸਾਹਿਤ ਅਤੇ ਚਿੰਤਨ ਦੇ ਕੇਂਦਰ ਵਿੱਚ ਦਾਖਿਲ ਹੁੰਦਾ ਹੈ।

ਮਾਰਕਸਵਾਦ ਅਤੇ ਸਮਾਜਵਾਦੀ ਚਿੰਤਨ ਪੱਧਤੀ ਨਾਲ ਜੁੜੇ ਨਾਰੀਵਾਦੀ ਚਿੰਤਕ ਨਿੱਜੀ ਸੰਪੱਤੀ, ਪੂੰਜੀਵਾਦ ਅਤੇ ਪਿੱਤਰਸੱਤਾ ਪ੍ਰਣਾਲੀ ਨੂੰ ਨਾਰੀ ਦੀ ਗ਼ੁਲਾਮੀ ਅਤੇ ਹਾਸ਼ੀਆਕ੍ਰਿਤ ਸਥਿਤੀ ਲਈ ਜ਼ਿੰਮੇਵਾਰ ਮੰਨਦੇ ਹਨ। ਨਿੱਜੀ ਸੰਪੱਤੀ ਉੱਤੇ ਪੁਰਸ਼ ਦੀ ਮਲਕੀਅਤ ਕਾਰਨ ਜਿੱਥੇ ਨਾਰੀ ਪੁਰਸ਼ ਦੀ ਅਧੀਨਗੀ ਹੇਠ ਰਹਿਣ ਲਈ ਮਜ਼ਬੂਰ ਹੈ, ਉੱਥੇ ਬਿਨਾਂ ਮਿਹਨਤਾਨੇ ਦੇ ਘਰੇਲੂ ਕੰਮ ਉਸ ਦੀ ਸਿਰਜਣਾਤਮਕ ਸਮਰੱਥਾ ਨੂੰ ਸੀਮਤ ਕਰ ਦਿੰਦੇ ਹਨ। ਨਾਰੀਵਾਦੀ ਚਿੰਤਨ ਦੇ ਅੰਤਰਗਤ ਸਿਗਮੰਡ ਫਰਾਇਡ ਦੇ 'ਨਿਪੁੰਸੀਕਰਣ ਕੰਮਪਲੈਕਸ' ਤੇ 'ਲਿਬਿਡੋ ਸਿਧਾਂਤ' ਅਤੇ ਯੱਕ ਲਾਕਾਂ ਦੇ 'ਪਿੱਤਰ ਕਾਨੂੰਨ' ਸਿਧਾਂਤਾਂ ਹੇਠ ਕਾਰਜਸ਼ੀਲ ਮਰਦ-ਦ੍ਰਿਸ਼ਟੀ ਨੂੰ ਨਕਾਰਦਿਆਂ ਹੋਇਆਂ ਇਹਨਾਂ ਸਿਧਾਂਤਾਂ ਦੀ ਪੁਨਰ-ਵਿਆਖਿਆ ਕੀਤੀ ਗਈ ਹੈ ਅਤੇ ਇੰਞ ਨਾਰੀ ਆਤਮ ਦੀ ਵਿਲੱਖਣਤਾ ਨੂੰ ਸਥਾਪਿਤ ਕਰਦੇ ਹੋਏ ਨਾਰੀ ਅਵਚੇਤਨ, ਨਾਰੀ ਕਾਮੁਕਤਾ, ਨਾਰੀ ਸੰਵੇਦਨਾ ਅਤੇ ਨਾਰੀ ਦੇਹ ਆਦਿ ਨਾਲ ਸੰਬੰਧਿਤ ਨਵੀਆਂ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉੱਤਰ-ਸੰਰਚਨਾਵਾਦੀ ਨਾਰੀਵਾਦੀ ਚਿੰਤਕਾਂ ਨੇ ਪ੍ਰਚਲਿਤ ਭਾਸ਼ਾ ਦੀ ਪਿੱਤਰਕੀ ਸੰਰਚਨਾ, ਮਰਦ ਹੈਜ਼ਮਨੀ (Hegemony) ਦੇ ਭਾਸ਼ਾਈ ਪ੍ਰਵਚਨ, ਔਰਤ ਅਤੇ ਭਾਸ਼ਾ ਦੇ ਜਟਿਲ ਸੰਬੰਧਾਂ ਨੂੰ ਸਮਝਣ ਅਤੇ ਇਸ ਦ੍ਰਿਸ਼ਟੀਕੋਣ ਤੋਂ ਸਾਹਿਤਕ ਕਿਰਤਾਂ ਦਾ ਅਧਿਐਨ ਕਰਨ ਦੀ ਦ੍ਰਿਸ਼ਟੀ ਪ੍ਰਦਾਨ ਕੀਤੀ। ਨਾਰੀਵਾਦੀ ਚਿੰਤਨ ਉੱਤਰ-ਆਧੁਨਿਕਤਾ ਦੇ ਪ੍ਰਸੰਗ ਵਿੱਚ ਵੱਖਰਤਾ, ਵਿਭਿੰਨਤਾ, ਵਿਕੇਂਦਰਤਾ, ਅਨੇਕਤਾ, ਅਨਿਸ਼ਚਿਤਤਾ ਆਦਿ ਸੰਕਲਪਾਂ ਨੂੰ ਗ੍ਰਹਿਣ ਕਰਦਾ ਹੋਇਆ ਨਾਰੀ ਦੇ ਲਿੰਗਕ ਸ਼ੋਸ਼ਣ ਦੇ ਮੁੱਦੇ ਤੋਂ ਇਲਾਵਾ ਨਸਲ, ਜਾਤ, ਜਮਾਤ, ਵਰਗ, ਧਰਮ, ਸਭਿਆਚਾਰ ਆਦਿ ਦੇ ਆਧਾਰ 'ਤੇ ਨਾਰੀ ਦੇ ਬਹੁਪਰਤੀ ਸ਼ੋਸ਼ਣ ਦੇ ਮਸਲੇ ਨੂੰ ਨਾਰੀ ਚਿੰਤਨ ਦਾ ਹਿੱਸਾ ਬਣਾਉਂਦਾ ਹੈ। ਉੱਤਰ-ਆਧੁਨਿਕਤਾ ਦੇ ਪ੍ਰਭਾਵ ਤਹਿਤ ਬਲੈਕ (ਕਾਲਾ) ਨਾਰੀਵਾਦ ਅਤੇ ਉੱਤਰ-ਬਸਤੀਵਾਦ ਨਾਰੀਵਾਦ ਉੱਭਰ ਕੇ ਸਾਹਮਣੇ ਆਉਂਦਾ ਹੈ। ਬਲੈਕ ਨਾਰੀਵਾਦੀਆਂ ਦਾ ਮੰਨਣਾ ਹੈ ਕਿ ਪੱਛਮੀ ਨਾਰੀਵਾਦ ਨੇ ਸਿਰਫ਼ ਗੋਰੀ ਮੱਧਵਰਗੀ ਨਾਰੀ ਨਾਲ ਸੰਬੰਧਿਤ ਸਮੱਸਿਆਵਾਂ ਅਤੇ ਸ਼ੋਸ਼ਣ ਖਿਲਾਫ਼ ਤਾਂ ਆਵਾਜ਼ ਉਠਾਈ ਲੇਕਿਨ ਵਰਗ ਅਤੇ ਨਸਲ ਉੱਤੇ ਆਧਾਰਿਤ ਸ਼ੋਸ਼ਣ ਨੂੰ ਤਵੱਜੋਂ ਨਹੀਂ ਦਿੱਤੀ। ਕਾਲੀ ਔਰਤ ਦੇ ਸਾਹਿਤ ਨੂੰ ਵੀ ਅੱਖੋਂ-ਪਰੋਖੇ ਕੀਤਾ ਗਿਆ।

ਉੱਤਰ-ਬਸਤੀਵਾਦੀ ਨਾਰੀਵਾਦੀ ਚਿੰਤਨ ਨੇ ਤੀਜੀ ਦੁਨੀਆਂ ਦੀ ਔਰਤ ਦੀ ਦੁਜੈਲੀ ਤੇ ਦਮਿਤ ਸਥਿਤੀ ਅਤੇ ਸਮੱਸਿਆਵਾਂ ਨੂੰ ਉਹਨਾਂ ਦੀਆਂ ਵਿਸ਼ੇਸ਼ ਸਮਾਜਿਕ, ਸਭਿਆਚਾਰਕ, ਆਰਥਿਕ, ਰਾਜਨੀਤਕ ਪ੍ਰਸਥਿਤੀਆਂ ਅਤੇ ਇਤਿਹਾਸਕ ਹਾਲਾਤ ਦੇ ਪ੍ਰਸੰਗ ਵਿੱਚ ਰੱਖ ਕੇ ਸਮਝਣ ਦਾ ਮੁੱਦਾ ਉਠਾਇਆ। ਇਸ

ਚਿੰਤਨ ਨੇ ਜਿੱਥੇ ਪੱਛਮੀ ਨਾਰੀਵਾਦ ਦੁਆਰਾ ਪੂਰਬੀ ਔਰਤ ਨੂੰ ਦੱਬੀ ਹੋਈ, ਅਨਪੜ੍ਹ, ਗ਼ੈਰ ਚੇਤਨ ਆਦਿ ਠਹਿਰਾਏ ਜਾਣ ਦੇ ਪ੍ਰਵਚਨ ਨੂੰ ਨਕਾਰਿਆ, ਉੱਥੇ ਪੱਛਮੀ ਨਾਰੀਵਾਦੀ ਚਿੰਤਨ ਨਾਲ ਅੰਤਰ-ਸੰਵਾਦ ਰਚਾਉਂਦੇ ਹੋਏ ਨਵੇਂ ਸੰਕਲਪਾਂ ਨੂੰ ਸਾਹਮਣੇ ਲਿਆਂਦਾ। ਪੱਛਮੀ ਪ੍ਰਸੰਗ ਦੇ ਸਮਵਿੱਥ ਪੂਰਬ ਵਿੱਚ ਨਾਰੀਵਾਦ ਸਿਧਾਂਤਬੱਧ ਰੂਪ ਵਿੱਚ ਨਹੀਂ ਉੱਭਰਦਾ ਬਲਕਿ ਪੂਰਬੀ ਸਮਾਜਾਂ ਵਿੱਚ ਨਾਰੀ ਦੀ ਨਿਮਨ ਸਥਿਤੀ ਨੂੰ ਸੁਧਾਰਨ ਲਈ ਚੱਲੇ ਨਾਰੀ ਅੰਦੋਲਨਾਂ ਅਤੇ ਨਾਰੀ ਲਹਿਰਾਂ ਦੇ ਫਲਸਰੂਪ ਨਾਰੀ ਚੇਤਨਾ ਵਿਕਸਤ ਹੁੰਦੀ ਹੈ। ਵਿਸ਼ਵ ਪੱਧਰ ਦੇ ਚਿੰਤਕ, ਵਿਦਵਾਨ, ਆਲੋਚਕ ਅਤੇ ਸਾਹਿਤਕਾਰ ਪੱਛਮੀ ਨਾਰੀਵਾਦੀ ਸਿਧਾਂਤ ਅਤੇ ਚਿੰਤਨ ਨੂੰ ਆਪਣਾ ਕੇਂਦਰ ਬਿੰਦੂ ਬਣਾਉਂਦੇ ਹਨ। ਸਾਹਿਤ ਦੇ ਪ੍ਰਸੰਗ ਵਿੱਚ ਨਾਰੀਵਾਦੀ ਅਧਿਐਨ ਦਾ ਮੰਤਵ ਸਾਹਿਤਕ ਕਿਰਤਾਂ ਵਿੱਚ ਵਿਦਮਾਨ ਲਿੰਗਕ ਨਾ ਬਰਾਬਰੀ ਦੀ ਪ੍ਰਕ੍ਰਿਤੀ ਅਤੇ ਕਾਰਨਾਂ ਨੂੰ ਸਮਝਣਾ ਅਤੇ ਇਸਦੇ ਫਲਸਰੂਪ ਹੋਣ ਵਾਲੇ ਭੇਦਭਾਵ ਦੀ ਰਾਜਨੀਤੀ ਨੂੰ ਨੰਗਾ ਕਰਕੇ ਇਕ ਸੰਤੁਲਿਤ ਅਤੇ ਬਰਾਬਰੀ ਵਾਲਾ ਸਮਾਜ ਤੇ ਵਾਤਾਵਰਣ ਦੀ ਸਿਰਜਣਾ ਕਰਨਾ ਹੈ।

ਸਮਕਾਲੀ ਪੰਜਾਬੀ ਕਹਾਣੀ ਦਾ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਇਹ ਕਹਾਣੀ ਔਰਤ ਦੇ ਦੁੱਖਾਂ, ਚਿੰਤਾਵਾਂ, ਸੰਕਟਾਂ, ਦੁਬਿਧਾਵਾਂ, ਸੁਪਨਿਆਂ, ਇੱਛਾਵਾਂ, ਅਕਾਂਖਿਆਵਾਂ ਨੂੰ ਸਤਹੀ ਪੱਧਰ 'ਤੇ ਪੇਸ਼ ਕਰਨ ਤੱਕ ਮਹਿਦੂਦ ਨਹੀਂ ਰਹਿੰਦੀ ਬਲਕਿ ਔਰਤ ਦੇ ਹੋਂਦਾਤਮਕ ਅਤੇ ਮਨੋਵਿਗਿਆਨਕ ਮਸਲਿਆਂ ਨੂੰ ਪਿੱਤਰਕੀ ਪ੍ਰਬੰਧ ਦੇ ਜਟਿਲ ਵਰਤਾਰੇ ਦੇ ਸੰਦਰਭ ਵਿੱਚ ਰੱਖ ਕੇ ਸਮਝਣ ਲਈ ਯਤਨਸ਼ੀਲ ਹੈ। ਪਿਛਲੇ ਦੌਰ ਦੀ ਕਹਾਣੀ ਵਿੱਚ ਵਧੇਰੇ ਕਰਕੇ ਔਰਤ ਮਜ਼ਲੂਮ, ਲਾਚਾਰ, ਪੀੜਤ ਅਤੇ ਸ਼ੋਸ਼ਿਤ ਧਿਰ ਵਜੋਂ ਪ੍ਰਸਤੁਤ ਹੋਈ ਹੈ ਪ੍ਰੰਤੂ ਇਸ ਸਮੇਂ ਦੀ ਕਹਾਣੀ ਵਿੱਚ ਪੇਸ਼ ਹੋ ਰਹੀ ਔਰਤ ਆਪਣੀ ਸ਼ੋਸ਼ਿਤ ਸਥਿਤੀ ਪ੍ਰਤੀ ਖ਼ਾਮੋਸ਼ੀ ਨੂੰ ਤੋੜਦੀ ਹੋਈ ਜਾਗਰੂਕ ਔਰਤ ਵਜੋਂ ਆਪਣੀਆਂ ਸਮੱਸਿਆਵਾਂ ਦੇ ਜਵਾਬ ਮੰਗਦੀ ਹੈ। ਇਸ ਸਮੇਂ ਨਾਰੀ ਲਈ ਘਰ, ਪਰਿਵਾਰ, ਵਿਆਹ, ਪਤੀ ਅਤੇ ਸਮਾਜਿਕ ਰਿਸ਼ਤਿਆਂ ਦੇ ਮਾਇਨੇ ਬਦਲ ਰਹੇ ਹਨ। ਔਰਤ ਦੀ ਇਸ ਬਦਲ ਰਹੀ ਮਾਨਸਿਕਤਾ ਨੂੰ ਸਮਕਾਲੀ ਪੰਜਾਬੀ ਕਹਾਣੀ ਵਿਸ਼ਵ ਪੱਧਰ 'ਤੇ ਔਰਤ ਦੀ ਬਦਲ ਰਹੀ ਸਥਿਤੀ ਦੇ ਸਨਮੁੱਖ ਰੱਖ ਕੇ ਪੇਸ਼ ਕਰਦੀ ਹੈ। ਇਸ ਦੇ ਨਾਲ ਹੀ ਇਹ ਕਹਾਣੀ ਔਰਤ-ਮਰਦ ਸੰਬੰਧਾਂ ਦੀਆਂ ਬਦਲ ਰਹੀਆਂ ਸਮੀਕਰਣਾਂ ਨੂੰ ਵੀ ਸਾਹਮਣੇ ਲਿਆ ਰਹੀ ਹੈ।

ਸਮਕਾਲੀ ਸਮੇਂ ਦੌਰਾਨ ਭਾਰਤੀ ਪੰਜਾਬ ਵਿੱਚ ਲਿਖੀ ਜਾ ਰਹੀ ਕਹਾਣੀ ਨਾਰੀ ਦੀ ਦਮਨ-ਕੇਂਦ੍ਰਿਤ ਸਮਾਜ-ਸਭਿਆਚਾਰਕ ਸਥਿਤੀ ਨੂੰ ਅਗਰਭੂਮਿਤ ਕਰਦੀ ਹੋਈ ਨਾਰੀ ਦੀ ਹੋਂਦ-ਹਸਤੀ ਦੇ ਨਵੇਂ ਆਯਾਮ ਸਿਰਜਣ ਵੱਲ ਅਗਰਸਰ ਹੈ। ਇਹ ਕਹਾਣੀ ਪਿੱਤਰਕੀ ਪ੍ਰਬੰਧ ਦੀ ਸ਼ਿਕਾਰ ਅਤੇ ਪਿੱਤਰਸੱਤਾਤਮਕ ਮੁੱਲਾਂ ਨੂੰ ਪ੍ਰਣਾਈ ਨਾਰੀ ਤੋਂ ਲੈ ਕੇ ਆਪਣੀ ਵਿਅਕਤੀਗਤ ਹੋਂਦ ਤੇ ਪਛਾਣ ਦੀ

ਸਥਾਪਤੀ ਅਤੇ ਮਾਨਵੀ ਅਧਿਕਾਰਾਂ ਨੂੰ ਹਾਸਿਲ ਕਰਨ ਲਈ ਜਦੋ-ਜਹਿਦ ਕਰ ਰਹੀ ਚੇਤੰਨ ਔਰਤ ਦੀ ਤਸਵੀਰ ਪੇਸ਼ ਕਰ ਰਹੀ ਹੈ। ਇਸ ਕਹਾਣੀ ਵਿੱਚ ਪੇਸ਼ ਪੜ੍ਹੀ-ਲਿਖੀ, ਆਪਣੀ ਦੁਜੈਲੀ ਸਥਿਤੀ ਪ੍ਰਤੀ ਸੁਚੇਤ ਔਰਤ ਪਾਤਰ ਪ੍ਰੰਪਰਕ ਭਾਰਤੀ ਨਾਰੀ ਵਾਂਗ ਪਿੱਤਰਸੱਤਾ ਦੁਆਰਾ ਸਥਾਪਿਤ ਮਿੱਥਕ ਧਾਰਣਾਵਾਂ ਅਤੇ ਰੂੜ੍ਹੀਵਾਦੀ ਪ੍ਰੰਪਰਾਵਾਂ ਨੂੰ ਸਵੀਕਾਰ ਨਹੀਂ ਕਰਦੀ ਸਗੋਂ ਆਪਣੀ ਵਿਸ਼ੇਸ਼ ਨਾਰੀ ਦ੍ਰਿਸ਼ਟੀ ਤੋਂ ਇਹਨਾਂ ਅੰਦਰ ਪਸਰੀ ਪਿੱਤਰਕੀ ਵਿਚਾਰਧਾਰਾ ਅਤੇ ਪਿੱਤਰੀ ਰਾਜਨੀਤੀ ਨੂੰ ਪਛਾਣਦੀ ਹੋਈ ਇਹਨਾਂ ’ਤੇ ਸਵਾਲੀਆ ਨਿਸ਼ਾਨ ਲਾਉਂਦੀ ਹੈ। ਕਈ ਕਹਾਣੀਆਂ ਵਿਚਲੀ ਪੜ੍ਹੀ-ਲਿਖੀ, ਆਪਣੀ ਸੁਤੰਤਰ ਹੋਂਦ ਤੇ ਅਧਿਕਾਰਾਂ ਪ੍ਰਤੀ ਜਾਗਰੂਕ ਨਾਰੀ ਭਾਵੇਂ ਪਿੱਤਰਕੀ ਸਮਾਜਿਕ ਪ੍ਰਬੰਧ ਸਾਹਮਣੇ ਝੁਕਣ ਲਈ ਮਜ਼ਬੂਰ ਹੁੰਦੀ ਨਜ਼ਰ ਆਉਂਦੀ ਹੈ ਪ੍ਰੰਤੂ ਇਸਦੇ ਬਾਵਜੂਦ ਉਹ ਵਿਰੋਧੀ ਪ੍ਰਸਥਿਤੀਆਂ ਨਾਲ ਟਕਰਾਉਂਦੀ ਹੋਈ ਪਿੱਤਰਸੱਤਾ ਅਤੇ ਮਰਦਸੱਤਾ ਨੂੰ ਵੰਗਾਰਨ ਦੀ ਸ਼ਕਤੀ ਰੱਖਦੀ ਹੈ।

ਇਸ ਦੌਰ ਦੀ ਪੰਜਾਬੀ ਕਹਾਣੀ ਵਿਸ਼ੇਸ਼ ਰੂਪ ਵਿੱਚ ਔਰਤ ਮਨ ਦੀ ਲੁਕਵੀਆਂ ਸੱਚਾਈਆਂ, ਗੁੱਝੀਆਂ ਰਮਜ਼ਾਂ, ਭੇਤਾਂ, ਵੇਦਨਾਵਾਂ ਅਤੇ ਦੇਹ ਦੇ ਮਸਲੇ ਨੂੰ ਨੇੜਿਓਂ ਘੋਖਣ ਅਤੇ ਦ੍ਰਿਸ਼ਮਾਨ ਕਰਨ ਵੱਲ ਰੁਚਿਤ ਹੁੰਦੀ ਹੈ। ਇਹ ਕਹਾਣੀ ਨਾਰੀ ਦੀਆਂ ਅਤ੍ਰਿਪਤ ਪ੍ਰਾਕ੍ਰਿਤਕ ਇੱਛਾਵਾਂ ਅਤੇ ਸੰਸਕ੍ਰਿਤਕ ਦਬਾਵਾਂ ਵਿਚਲੇ ਦਵੰਦ ਦੇ ਫਲਸਰੂਪ ਉਪਜੇ ਨਾਰੀ ਦੇ ਮਨੋਸੰਕਟ ਨੂੰ ਬੜੀ ਗਹਿਰਾਈ ਅਤੇ ਸੂਖ਼ਮਤਾ ਨਾਲ ਪ੍ਰਗਟਾਉਂਦੀ ਹੈ। ਇਸ ਦ੍ਰਿਸ਼ਟੀਕੋਣ ਤੋਂ ਪੇਸ਼ ਕਹਾਣੀਆਂ ਵਿਚਲੀਆਂ ਔਰਤ ਪਾਤਰਾਂ ਮਹਿਜ ਭੋਗ ਦੀ ਵਸਤੂ ਬਣ ਕੇ ਨਹੀਂ ਬਲਕਿ ਆਪਣੀ ਦੇਹ ਦੀਆਂ ਲੋੜਾਂ ਪ੍ਰਤੀ ਚੇਤੰਨ ਮਨੁੱਖੀ ਹੋਂਦ ਵਜੋਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਜ਼ਿੰਦਗੀ ਨੂੰ ਭਰਪੂਰਤਾ ਸਹਿਤ ਜਿਊਣ ਦੀ ਚਾਹਤ ਕਾਰਨ ਉਹ ਪਿੱਤਰਕੀ ਸਭਿਆਚਾਰਕ ਮਰਿਆਦਾਵਾਂ ਅਤੇ ਵਰਜਣਾਵਾਂ ਨੂੰ ਤੋੜਦੀਆਂ ਹੋਈਆਂ ਜਿੱਥੇ ਸਮਾਜ ਸਿਰਜਿਤ ਰਿਸ਼ਤਿਆਂ ਨੂੰ ਚੁਣੌਤੀ ਦਿੰਦੀਆਂ ਹਨ, ਉੱਥੇ ਮਨ-ਇੱਛਿਤ ਰਿਸ਼ਤੇ ਸਿਰਜਣ ਨੂੰ ਤਰਜੀਹ ਦਿੰਦੀਆਂ ਹਨ। ਪਤੀ ਦੀ ਗੈਰ ਮੌਜੂਦਗੀ ਜਾਂ ਪਤੀ ਦੀ ਅਣਹੋਂਦ ਵਿੱਚ ਇਹ ਪਾਤਰਾਂ ਕ੍ਰਮਕ ਇੱਛਾਵਾਂ ਨੂੰ ਮਾਰ ਕੇ ਜਿਊਣ ਵਿੱਚ ਵਿਸ਼ਵਾਸ ਨਹੀਂ ਰੱਖਦੀਆਂ ਬਲਕਿ ਆਪਣੀਆਂ ਅਤ੍ਰਿਪਤ ਕਾਮਨਾਵਾਂ ਦੀ ਪੂਰਤੀ ਲਈ ਅਵੈਧ ਸੰਬੰਧ ਸਥਾਪਿਤ ਕਰਦੀਆਂ ਹੋਈਆਂ ਆਦਰਸ਼ ਭਾਰਤੀ ਔਰਤ ਦੇ ਬਿੰਬ ਨੂੰ ਵਿਸਥਾਪਤ ਕਰਦੀਆਂ ਦਿਖਾਈ ਦਿੰਦੀਆਂ ਹਨ।

ਸਮਕਾਲੀ ਪਰਵਾਸੀ ਪੰਜਾਬੀ ਕਹਾਣੀ ਪੰਜਾਬ ਤੋਂ ਪਰਵਾਸ ਕਰਕੇ ਵਿਕਸਤ ਪੱਛਮੀ ਮੁਲਕਾਂ ਵਿੱਚ ਵੱਸਣ ਦੀ ਚਾਹਤ ਲੈ ਕੇ ਗਈ ਪਰਵਾਸੀ ਪੰਜਾਬੀ ਔਰਤ ਨੂੰ ਦਰਪੇਸ਼ ਵਿਭਿੰਨ ਕਠਿਨਾਈਆਂ, ਦੁੱਖਾਂ, ਤਕਲੀਫ਼ਾਂ ਨੂੰ ਚਿਤਰਨ ਤੋਂ ਲੈ ਕੇ ਪਰਵਾਸੀ ਪੰਜਾਬੀ ਨਾਰੀ ਦੁਆਰਾ ਪੱਛਮੀ ਸਭਿਆਚਾਰ ਵਿੱਚੋਂ ਗ੍ਰਹਿਣ ਕੀਤੇ ਨਵੇਂ ਅਨੁਭਵਾਂ ਅਤੇ ਵੱਖਰੇ ਅਹਿਸਾਸਾਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕਰਦੀ ਹੈ। ਇਹ ਕਹਾਣੀ ਉਸ

ਪਰਵਾਸੀ ਪੰਜਾਬੀ ਔਰਤ ਦੀ ਦੁਖਾਂਤਕ ਸਥਿਤੀ ਨੂੰ ਵਿਸ਼ੇਸ਼ ਰੂਪ ਵਿੱਚ ਉਭਾਰਦੀ ਹੈ ਜਿਹੜੀ ਮਾਪਿਆਂ ਵੱਲੋਂ ਵਿਦੇਸ਼ੀ ਮੁੰਡੇ ਨਾਲ ਮੰਗੀ ਜਾਂ ਵਿਆਹੀ ਪਰ ਪਰਵਾਸੀ ਮੰਗੇਤਰ, ਪ੍ਰੇਮੀ, ਪਤੀ ਜਾਂ ਸਹੁਰਿਆਂ ਵੱਲੋਂ ਦੁਰਕਾਰੀ ਜਿਹਨੀ ਅਤੇ ਜਿਨਸੀ ਸ਼ੋਸ਼ਣ ਦਾ ਸੰਤਾਪ ਹੰਢਾਉਂਦੀ ਹੋਈ ਵਿਦੇਸ਼ੀ ਧਰਤੀ ਉੱਤੇ ਆਪਣੀ ਹੋਂਦ ਦੀ ਸਥਾਪਤੀ ਲਈ ਜੂਝਦੀ ਹੈ। ਪਰਵਾਸੀ ਪੰਜਾਬੀ ਕਹਾਣੀ ਗਲੋਬਲੀ ਸਭਿਆਚਾਰ ਦੇ ਸੰਦਰਭ ਵਿੱਚ ਪਰਵਾਸੀ ਪੰਜਾਬੀ ਨਾਰੀ ਦੀ ਉਸ ਬਦਲ ਰਹੀ ਮਾਨਸਿਕਤਾ ’ਤੇ ਫੋਕਸ ਕਰਦੀ ਹੈ ਜਿਹੜੀ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰਸੱਤਾਤਮਕ ਸੰਸਥਾਵਾਂ ਨੂੰ ਨਾਰੀ ਦਮਨ ਦੇ ਕੇਂਦਰੀ ਸਥਾਨ ਵਜੋਂ ਦੇਖਦੀ ਹੋਈ ਇਹਨਾਂ ਦਾ ਬਾਈਕਾਟ ਕਰਦੀ ਹੈ। ਇਸ ਕਹਾਣੀ ਵਿੱਚ ਪੇਸ਼ ਪ੍ਰੰਪਰਕ ਪਿੱਤਰਕੀ ਸੰਸਕਾਰਾਂ ਨੂੰ ਪ੍ਰਣਾਈ ਔਰਤ ਪਾਤਰ ਭਾਵੇਂ ਆਪਣੇ ਘਰ, ਪਰਿਵਾਰ ਅਤੇ ਵਿਆਹ ਨੂੰ ਬਚਾਉਣ ਲਈ ਪਿੱਤਰੀ ਸੋਚ ਵਾਲੇ ਮਰਦ ਹੱਥੋਂ ਸ਼ੋਸ਼ਿਤ ਹੁੰਦੀ ਹੋਈ ਪ੍ਰਾਪਤ ਪ੍ਰਸਥਿਤੀਆਂ ਨਾਲ ਸਮਝੌਤਾ ਕਰਨ ਨੂੰ ਤਰਜੀਹ ਦਿੰਦੀ ਹੈ ਲੇਕਿਨ ਪੱਛਮੀ ਸਭਿਆਚਾਰ ਵਿਚਲੇ ਨਾਰੀ ਅਧਿਕਾਰਾਂ ਪ੍ਰਤੀ ਚੇਤੰਨ ਔਰਤ ਪਾਤਰ ਜਿੱਥੇ ਮਰਦ ਦੇ ਪੈਤਰਿਕ ਰਵੱਈਏ ਨੂੰ ਚੁਣੌਤੀ ਦਿੰਦੀ ਹੈ, ਉੱਥੇ ਆਰਥਿਕ ਤੌਰ ’ਤੇ ਸਵੈ-ਨਿਰਭਰ ਹੋਣ ਕਾਰਨ ਆਪਣੀ ਅਸਤਿਤਵੀ ਪਛਾਣ ਲਈ ਵਿਰੋਧੀ ਪ੍ਰਸਥਿਤੀਆਂ ਨਾਲ ਟਕਰਾਉਂਦੀ ਹੈ।

ਸਮਕਾਲੀ ਭਾਰਤੀ ਅਤੇ ਪਰਵਾਸੀ ਪੰਜਾਬੀ ਕਹਾਣੀ ਦੇ ਸਮਾਨਾਂਤਰ ਸਮਕਾਲੀ ਪਾਕਿਸਤਾਨੀ ਪੰਜਾਬੀ ਕਹਾਣੀ ਜਾਗੀਰਦਾਰੀ ਵਿਵਸਥਾ ਵਾਲੇ ਮਰਦ ਪ੍ਰਧਾਨ ਪਾਕਿਸਤਾਨੀ ਸਮਾਜ ਵਿਚਲੀ ਔਰਤ ਦੀ ਹਾਸ਼ੀਆਕ੍ਰਿਤ ਸਥਿਤੀ ਨੂੰ ਉਭਾਰਦੀ ਹੋਈ ਉਸ ਦੀਆਂ ਦਮਿਤ ਅਕਾਂਖਿਆਵਾਂ, ਅੰਤਰੀਵੀ ਖ਼ਾਹਿਸ਼ਾਂ, ਅਧੂਰੀਆਂ ਇੱਛਾਵਾਂ ਅਤੇ ਵੇਦਨਾਵਾਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪ੍ਰਗਟਾਉਂਦੀ ਹੈ। ਪਾਕਿਸਾਤਨੀ ਸਮਾਜ ਵਿਚਲੇ ਕੱਟੜ ਧਾਰਮਿਕ ਕਾਇਦੇ ਕਾਨੂੰਨ ਜਿੱਥੇ ਨਾਰੀ ਨੂੰ ਸੀਮਤ ਦਾਇਰੇ ਵਿੱਚ ਜੀਣ ਲਈ ਪਾਬੰਦ ਕਰਦੇ ਹਨ, ਉੱਥੇ ਮਰਦ ਨੂੰ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦੇ ਹਨ। ਸਮਕਾਲੀ ਪਾਕਿਸਤਾਨੀ ਪੰਜਾਬੀ ਕਹਾਣੀ ਧਰਮਤੰਤਰ ਅਤੇ ਮਰਦਤੰਤਰ ਦੇ ਭੈਅ ਹੇਠ ਜੀਅ ਰਹੀ ਨਾਰੀ ਅੰਦਰਲੇ ਡਰ, ਤੌਖਲੇ, ਮਜ਼ਬੂਰੀ, ਲਾਚਾਰੀ ਅਤੇ ਬੇਵਸੀ ਨੂੰ ਬਹੁ-ਦਿਸ਼ਾਵੀ ਦ੍ਰਿਸ਼ਟੀ ਰਾਹੀਂ ਪੇਸ਼ ਕਰਦੀ ਹੈ।

ਨਾਰੀਵਾਦੀ ਦ੍ਰਿਸ਼ਟੀ ਤੋਂ ਲਿਖੀ ਜਾ ਰਹੀ ਸਮਕਾਲੀ ਪੰਜਾਬੀ ਕਹਾਣੀ ਦੇ ਖੇਤਰ ਵਿੱਚ, ਸਾਡੇ ਸ਼ੋਧ-ਪ੍ਰਬੰਧ ਨਾਲ ਸੰਬੰਧਿਤ, ਨਿਰਮਲ ਜਸਵਾਲ, ਰਸ਼ਪਿੰਦਰ ਰਸ਼ਿਮ, ਬਚਿੰਤ ਕੌਰ, ਅੰਮ੍ਰਿਤਪਾਲ ਕੌਰ, ਰਾਣੀ ਨਗਿੰਦਰ ਕੌਰ ਅਤੇ ਪ੍ਰਵੇਜ਼ ਸੰਧੂ ਅਜਿਹੀਆਂ ਕਹਾਣੀਕਾਰਾਂ ਵਜੋਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ ਜਿਹੜੀਆਂ ਵੱਖ-ਵੱਖ ਵਰਗਾਂ ਦੀ ਨਾਰੀ ਨਾਲ ਸੰਬੰਧਿਤ ਵਿਭਿੰਨ ਸਰੋਕਾਰਾਂ ਨੂੰ ਉਹਨਾਂ ਦੇ ਵਿਸ਼ੇਸ਼ ਸਥਾਨ, ਸਮਾਜ ਅਤੇ ਦੇਸ਼ ਦੀਆਂ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਪ੍ਰਸਥਿਤੀਆਂ ਅਤੇ ਸਭਿਆਚਾਰਕ

ਮੁੱਲਾਂ, ਪ੍ਰੰਪਰਾਵਾਂ, ਕਦਰਾਂ-ਕੀਮਤਾਂ, ਮਾਨਤਾਵਾਂ ਦੇ ਪ੍ਰਸੰਗ ਵਿੱਚ ਰੱਖ ਕੇ ਪੇਸ਼ ਕਰਦੀਆਂ ਹੋਈਆਂ ਨਾਰੀ ਚੇਤਨਾ ਦੇ ਵਿਭਿੰਨ ਪਾਸਾਰਾਂ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ।

ਨਿਰਮਲ ਜਸਵਾਲ ਅਤੇ ਰਸ਼ਪਿੰਦਰ ਰਸ਼ਿਮ ਦੀਆਂ ਕਹਾਣੀਆਂ ਦਾ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਅਧਿਐਨ-ਵਿਸ਼ਲੇਸ਼ਣ ਕਰਨ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਇਹ ਕਹਾਣੀਆਂ ਨਿਮਨ ਤੇ ਮੱਧਵਰਗੀ ਸ਼ਹਿਰੀ ਔਰਤ ਅਤੇ ਮਹਾਂਨਗਰੀ ਔਰਤ ਦੀ ਸਥਿਤੀ ’ਤੇ ਫੋਕਸ ਕਰਦੀਆਂ ਹੋਈਆਂ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰਸੱਤਾਤਮਕ ਸੰਸਥਾਵਾਂ ਵਿੱਚ ਨਾਰੀ ਦੇ ਬਹੁਪੱਖੀ ਸ਼ੋਸ਼ਣ ਨੂੰ ਵਿਭਿੰਨ ਪਹਿਲੂਆਂ ਤੋਂ ਪੇਸ਼ ਕਰਦੀਆਂ ਹਨ। ਨਿਰਮਲ ਜਸਵਾਲ ਦੀਆਂ ਕਹਾਣੀਆਂ ਵਰ-ਘਰ ਦੀ ਸਮੱਸਿਆ, ਭਰੂਣ ਹੱਤਿਆ, ਦੂਸਰੀ ਪਤਨੀ ਵਜੋਂ ਔਰਤ ਦੀ ਸਮਾਜ-ਸਭਿਆਚਾਰਕ ਸਥਿਤੀ ਤੇ ਪਛਾਣ ਦਾ ਸੰਕਟ, ਔਰਤ ਦੀਆਂ ਕਾਮੁਕ ਇੱਛਾਵਾਂ ਦੀ ਤ੍ਰਿਪਤੀ/ਅਤ੍ਰਿਪਤੀ, ਔਰਤ ਦਾ ਲਿੰਗਕ ਸ਼ੋਸ਼ਣ, ਸਮਲਿੰਗੀ ਸੰਬੰਧਾਂ ਦਾ ਸੰਕਟ, ਉਪਭੋਗੀ ਸਭਿਆਚਾਰ ਦੇ ਫਲਸਰੂਪ ਔਰਤ-ਮਰਦ ਸੰਬੰਧਾਂ ਦਾ ਬਦਲ ਰਿਹਾ ਸਰੂਪ ਆਦਿ ਸਰੋਕਾਰਾਂ ਨੂੰ ਆਪਣੇ ਕਲੇਵਰ ਵਿੱਚ ਲੈਂਦੀਆਂ ਹਨ। ਉਹ ਜ਼ਿਆਦਾਤਰ ਕਹਾਣੀਆਂ ਵਿੱਚ ਰੈਡੀਕਲ ਨਾਰੀਵਾਦੀ ਦ੍ਰਿਸ਼ਟੀਕੋਣ ਨੂੰ ਅਪਣਾਉਂਦੀ ਹੋਈ ਪ੍ਰੰਪਰਾਗਤ ਵਿਆਹ ਪ੍ਰਬੰਧ ਅਧੀਨ ਪਤਨੀ ਰੂਪ ਵਿੱਚ ਔਰਤ ਦੇ ਸ਼ੋਸ਼ਣ ਲਈ ਮਰਦ ਪਤੀ ਨੂੰ ਜ਼ਿੰਮੇਵਾਰ ਠਹਿਰਾ ਕੇ ਉਸਨੂੰ ਵਿਰੋਧੀ ਧਿਰ ਵਜੋਂ ਪੇਸ਼ ਕਰਦੀ ਹੈ ਜਦੋਂਕਿ ਸਮਕਾਲੀ ਨਾਰੀਵਾਦੀ ਚਿੰਤਨ ਔਰਤ ਦੀ ਦੁਜੈਲੀ ਸਥਿਤੀ ਅਤੇ ਸ਼ੋਸ਼ਣ ਲਈ ਪਿੱਤਰਸੱਤਾਤਮਕ ਪ੍ਰਬੰਧ ਨੂੰ ਦੋਸ਼ੀ ਮੰਨਦਾ ਹੈ, ਜਿਸਦਾ ਸ਼ਿਕਾਰ ਮਰਦ ਵੀ ਬਣਦਾ ਹੈ। ਪਿੱਤਰਸੱਤਾ ਮਰਦ ਦੀ ਮਾਨਸਿਕ ਘਾੜਤ ਦੌਰਾਨ ਉਸਦਾ ਪਿੱਤਰੀਕਰਨ ਕਰਕੇ ਆਪਣੇ ਮੋਹਰੇ ਵਜੋਂ ਵਰਤਦੀ ਹੈ। ਕਹਾਣੀਕਾਰ ਪਤਨੀ ਦੇ ਲਿੰਗਕ ਸ਼ੋਸ਼ਣ ਦਾ ਮਸਲਾ ਉਠਾਉਂਦੀ ਹੋਈ ਪ੍ਰਚਲਿਤ ਵਿਆਹ ਪ੍ਰਥਾ ਹੇਠ ਕਾਰਜਸ਼ੀਲ ਪਿੱਤਰਕੀ ਸਿਆਸਤ ਨੂੰ ਬੇਪਰਦ ਕਰਦੀ ਹੈ ਜਿਹੜੀ ਗ੍ਰਿਹਸਥ ਸੰਬੰਧਾਂ ਦਾ ਸਭਿਆਚਾਰਕ ਤਰਕ ਉਸਾਰ ਕੇ ਪਤੀ ਨੂੰ ਪਤਨੀ ਦੀ ਦੇਹ ਉੱਪਰ ਮਾਲਕੀ ਦਾ ਅਧਿਕਾਰ ਦਿੰਦੀ ਹੈ ਜਿਸਦੇ ਫਲਸਰੂਪ ਪਤੀ ਲਈ ਪਤਨੀ ਕੇਵਲ ਕਾਮ ਭੋਗ ਦਾ ਸਾਧਨ ਬਣ ਕੇ ਰਹਿ ਜਾਂਦੀ ਹੈ। ਇਸ ਪ੍ਰਸੰਗ ਵਿੱਚ ਉਸਦੀਆਂ ਕਹਾਣੀਆਂ ਵਿਚਲੀਆਂ ਚੇਤੰਨ ਨਾਰੀ ਪਾਤਰਾਂ ਜਿੱਥੇ ਮਰਦ/ਪਤੀ ਦੀ ਔਰਤ ਨੂੰ ਸਿਰਫ਼ ਦੇਹ ਤੱਕ ਘਟਾ ਦੇਣ ਵਾਲੀ ਪਿੱਤਰਕੀ ਸੋਚ ਨੂੰ ਚੁਣੌਤੀ ਦਿੰਦੀਆਂ ਹਨ, ਉੱਥੇ ਪ੍ਰੰਪਰਕ ਮੁੱਲਾਂ ਨੂੰ ਪ੍ਰਣਾਈਆਂ ਕਈ ਪੜ੍ਹੀਆਂ-ਲਿਖੀਆਂ, ਆਰਥਿਕ ਤੌਰ ’ਤੇ ਸਵੈ-ਨਿਰਭਰ ਨਾਰੀ ਪਾਤਰਾਂ ਮਰਦ ਦੀ ਔਰਤ ਪ੍ਰਤੀ ਸੰਕੀਰਣ ਸਾਮੰਤੀ ਸੋਚ ’ਤੇ ਪ੍ਰਸ਼ਨ ਚਿੰਨ ਲਾਉਣ ਦੀ ਬਜਾਇ ਪਿੱਤਰੀ ਪ੍ਰਵਚਨਾਂ ਅਤੇ ਸਵੈ-ਤਰਸ ਦੀਆਂ ਸ਼ਿਕਾਰ ਹੋ ਕੇ ਇਕੱਲਤਾ, ਬੇਗਾਨਗੀ, ਬੇਚੈਨੀ ਅਤੇ ਭਟਕਣਾ ਕਾਰਨ ਮਾਨਸਿਕ ਤਣਾਉ ਵਿੱਚ ਘਿਰ ਜਾਂਦੀਆਂ ਹਨ।

ਨਿਰਮਲ ਜਸਵਾਲ ਦੀਆਂ ਕਹਾਣੀਆਂ ਵਿੱਚ ਸ਼ਹਿਰੀ, ਮਹਾਂਨਗਰੀ ਔਰਤ ਪਾਤਰਾਂ ਦੇ ਵੱਖ-ਵੱਖ ਸ਼ੇਡਜ਼ ਦਿਖਾਈ ਦਿੰਦੇ ਹਨ। ਵਧੇਰੇ ਕਹਾਣੀਆਂ ਵਿੱਚ ਨਾਰੀ ਪਾਤਰਾਂ ਦਾ ਜੋ ਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ, ਉਹ ਪਿੱਤਰਸੱਤਾ ਦੁਆਰਾ ਸਿਰਜਿਤ ਆਦਰਸ਼ ਭਾਰਤੀ ਔਰਤ ਦੇ ਬਿੰਬ ਨੂੰ ਵਿਸਥਾਪਤ ਕਰਦਾ ਹੈ। ਸ਼ਹਿਰੀ, ਮਹਾਂਨਗਰੀ ਸਭਿਆਚਾਰ ਵਿੱਚ ਵਿਚਰਦੀਆਂ ਇਹਨਾਂ ਪਾਤਰਾਂ ਦੀ ਨਜ਼ਰ ਵਿੱਚ ਔਰਤ ਪਿੱਤਰੀ ਮੁੱਲਾਂ, ਰਿਵਾਜਾਂ ਅਤੇ ਪਰੰਪਰਾ ਨੂੰ ਨਿਭਾਉਂਦਿਆਂ ਹੋਇਆਂ ਖ਼ਤਮ ਹੋ ਰਹੀ ਹੈ। ਇਸ ਦ੍ਰਿਸ਼ਟੀਕੋਣ ਤੋਂ ਇਹ ਪਾਤਰਾਂ ਸਥਾਪਿਤ ਰਿਸ਼ਤਿਆਂ ਨਾਲ ਚੁੱਪਚਾਪ ਸਮਝੌਤਾ ਨਹੀਂ ਕਰਦੀਆਂ ਬਲਕਿ ਆਪਣੇ ਨਾਲ ਹੁੰਦੇ ਅਮਾਨਵੀ ਵਿਹਾਰ ਦੀ ਵਿਰੋਧਤਾ ਕਰਦੀਆਂ ਹਨ। ਨਿਰਮਲ ਜਸਵਾਲ ਨਿਰੋਲ ਨਾਰੀ ਦ੍ਰਿਸ਼ਟੀਕੋਣ ਤੋਂ ਔਰਤ ਦੀ ਕਾਮੁਕਤਾ ਨਾਲ ਸੰਬੰਧਿਤ ਮਸਲੇ ਨੂੰ ਬੜੀ ਬੇਬਾਕੀ ਨਾਲ ਉਠਾਉਂਦੀ ਹੈ। ਇਸ ਪ੍ਰਸੰਗ ਵਿੱਚ ਉਸ ਦੀਆਂ ਕਹਾਣੀਆਂ ਔਰਤ ਦੀਆਂ ਕਾਮੁਕ ਅਤ੍ਰਿਪਤੀਆਂ, ਅਧੂਰੀਆਂ ਕਾਮ ਅਕਾਂਖਿਆਵਾਂ ਅਤੇ ਉਹਨਾਂ ਅਣਕਹੇ ਜਜ਼ਬਾਤਾਂ ਨੂੰ ਰੂਪਮਾਨ ਕਰਦੀਆਂ ਹਨ ਜੋ ਪਿੱਤਰਕੀ ਸਮਾਜਿਕ ਪ੍ਰਬੰਧ ਵਿੱਚ ਪ੍ਰਗਟਾਵੇ ਪੱਖੋਂ ਵਰਜਿਤ ਸਮਝੇ ਜਾਂਦੇ ਹਨ। ਉਹ ਮਹਾਂਨਗਰੀ ਸਮਾਜ ਵਿੱਚ ਉਪਭੋਗੀ ਅਤੇ ਖ਼ਪਤ ਸਭਿਆਚਾਰ ਦੇ ਫਲਸਰੂਪ ਔਰਤ-ਮਰਦ ਦੇ ਜਟਿਲ ਸੰਬੰਧਾਂ ’ਤੇ ਫੋਕਸ ਕਰਦੀ ਹੈ, ਜਿਹਨਾਂ ਦੀ ਸਮੁੱਚੀ ਚੇਤਨਾ ਅਖੌਤੀ ਨਿੱਜੀ ਆਜ਼ਾਦੀ, ਨਿੱਜੀ ਖੁੱਲ੍ਹ ਤੇ ਨਿੱਜੀ ਖ਼ੁਸ਼ੀਆਂ ਤੱਕ ਸਿਮਟ ਚੁੱਕੀ ਹੈ। ਇਸ ਵਰਤਾਰੇ ਕਾਰਨ ਉਸ ਦੀਆਂ ਕਹਾਣੀਆਂ ਦੇ ਪਾਤਰ ਭੋਗਵਾਦੀ ਰੁਚੀਆਂ ਦੀ ਪੂਰਤੀ ਲਈ ਪਤੀ-ਪਤਨੀ ਰਿਸ਼ਤੇ ਵਿਚਲੇ ਨੈਤਿਕ-ਸਦਾਚਾਰਕ ਮੁੱਲਾਂ ਨੂੰ ਤੋੜਦੇ ਹੋਏ ਮਨਇੱਛਤ ਰਿਸ਼ਤੇ ਸਿਰਜਦੇ ਹਨ। ਕਹਾਣੀਕਾਰ ਸ਼ਹਿਰੀ, ਮਹਾਂਨਗਰੀ ਔਰਤ ਦੀ ਉਸ ਬਦਲ ਰਹੀ ਮਨੋਸੰਵੇਦਨਾ ਨੂੰ ਉਜਾਗਰ ਕਰਦੀ ਹੈ ਜਿਹੜੀ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਸਮਾਜਿਕ ਇਕਾਈਆਂ ਤੋਂ ਦੂਰੀ ਬਣਾਉਂਦੀ ਹੋਈ ਆਪਣੀ ਜ਼ਿੰਦਗੀ ਨੂੰ ਮਨਮਾਨੇ ਢੰਗ ਨਾਲ ਜਿਊਣਾ ਚਾਹੁੰਦੀ ਹੈ। ਨਿਰਮਲ ਜਸਵਾਲ ਆਪਣੀਆਂ ਕਹਾਣੀਆਂ ਵਿੱਚ ਭਾਵੇਂ ਨਾਰੀ ਅਸਤਿਤਵ ਨਾਲ ਜੁੜੇ ਅਨੇਕਪੱਖੀ ਮਸਲਿਆਂ ਨੂੰ ਪੇਸ਼ ਕਰਦੀ ਹੈ ਪ੍ਰੰਤੂ ਬਾਵਜੂਦ ਇਸਦੇ ਉਸਦੀ ਕਥਾ ਰਚਨਾ ਦੀ ਇਹ ਸੀਮਾ ਹੈ ਕਿ ਉਹ ਕਈ ਕਹਾਣੀਆਂ ਵਿੱਚ ਮਰਦ ਪ੍ਰਤੀ ਪੱਖਪਾਤੀ ਨਜ਼ਰੀਏ ਦੀ ਸ਼ਿਕਾਰ ਹੋ ਜਾਂਦੀ ਹੈ। ਨਿਰਮਲ ਜਸਵਾਲ ਦੀ ਕਹਾਣੀਕਾਰ ਵਜੋਂ ਇਹ ਖਾਸੀਅਤ ਹੈ ਕਿ ਉਹ ਆਪਣੀ ਕਹਾਣੀ ਵਿੱਚ ਸਮਲਿੰਗਕਤਾ ਜਿਹੇ ਅਣਗੌਲੇ ਅਤੇ ਅਣਛੋਹੇ ਵਿਸ਼ੇ ਨੂੰ ਲੈ ਕੇ ਇਕ ਨਿਵੇਕਲਾ ਰਚਨਾਤਮਕ ਤਜਰਬਾ ਕਰਦੀ ਹੋਈ ਹੋਰਨਾਂ ਪੰਜਾਬੀ ਕਹਾਣੀਕਾਰਾਂ ਨਾਲੋਂ ਆਪਣੀ ਵੱਖਰੀ ਪਛਾਣ ਸਥਾਪਿਤ ਕਰਦੀ ਹੈ।

ਰਸ਼ਪਿੰਦਰ ਰਸ਼ਿਮ ਆਪਣੀਆਂ ਕਹਾਣੀਆਂ ਵਿੱਚ ਦਾਜ ਦੀ ਸਮੱਸਿਆ, ਅਣਜੋੜ ਵਿਆਹ ਦਾ ਸੰਕਟ, ਔਰਤ ਦੀ ਅਸਤਿਤਵੀ ਆਜ਼ਾਦੀ ਅਤੇ ਸਵੈ ਪਛਾਣ ਦਾ ਮਸਲਾ, ਛੋਟੀਆਂ ਬੱਚੀਆਂ ਦੇ ਜਿਨਸੀ

ਸ਼ੋਸ਼ਣ ਦਾ ਮਸਲਾ, ਪਤੀ-ਪਤਨੀ ਸੰਬੰਧਾਂ ਵਿਚਲਾ ਅਸੰਤੁਲਨ, ਉਪਭੋਗੀ ਸਭਿਆਚਾਰ ਦੇ ਸਿੱਟੇ ਵਜੋਂ ਔਰਤ-ਮਰਦ ਰਿਸ਼ਤੇ ਵਿੱਚ ਪੈਦਾ ਹੋ ਰਹੇ ਤਨਾਉ ਆਦਿ ਸਰੋਕਾਰਾਂ ਨੂੰ ਪਿੱਤਰਕੀ ਸਮਾਜ-ਸਭਿਆਚਾਰਕ ਪ੍ਰਬੰਧ ਵਿੱਚ ਰੱਖ ਕੇ ਪ੍ਰਸਤੁਤ ਕਰਦੀ ਹੈ। ਰਸ਼ਿਮ ਦੀਆਂ ਕਹਾਣੀਆਂ ਧੀ ਅਤੇ ਪਤਨੀ ਦੇ ਰੂਪ ਵਿੱਚ ਔਰਤ ਦੀ ਉਸ ਨਿਮਨ, ਗੌਣ ਅਤੇ ਦਮਿਤ ਸਥਿਤੀ ਨੂੰ ਰੂਪਮਾਨ ਕਰਦੀਆਂ ਹਨ ਜਿਹੜੀ ਮਰਦ (ਪਿਤਾ, ਪਤੀ) ਦੇ ਅਧੀਨ ਰਹਿਣ ਦੀ ਮਜ਼ਬੂਰੀ 'ਚੋਂ ਪੈਦਾ ਹੋਈ ਹੈ। ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਦੇਖਿਆਂ ਉਸ ਦੀਆਂ ਕਹਾਣੀਆਂ ਪਿੱਤਰ-ਸੱਤਾਤਮਕ ਢਾਂਚੇ 'ਤੇ ਕਟਾਖ਼ਸ਼ ਕਰਦੀਆਂ ਹਨ ਜਿਹੜਾ ਮਰਦਾਵੀਂ ਸੱਤਾ ਨੂੰ ਸਥਾਪਿਤ ਕਰਕੇ ਔਰਤ ਨੂੰ ਦੂਜੈਲੇ ਪੱਧਰ 'ਤੇ ਧੱਕ ਦਿੰਦਾ ਹੈ। ਰਸ਼ਪਿੰਦਰ ਰਸ਼ਿਮ ਦੀਆਂ ਕਹਾਣੀਆਂ ਵਿੱਚ ਜਿੱਥੇ ਪ੍ਰਪੰਰਕ ਸੰਸਕਾਰਾਂ ਵਿੱਚ ਜਕੜੀ ਆਦਰਸ਼ ਭਾਰਤੀ ਨਾਰੀ ਦਾ ਰੂਪ ਸਾਹਮਣੇ ਆਉਂਦਾ ਹੈ, ਉੱਥੇ ਪੜ੍ਹੀ-ਲਿਖੀ, ਆਰਥਿਕ ਤੌਰ 'ਤੇ ਸਵੈ-ਨਿਰਭਰ ਅਤੇ ਨਾਰੀ ਹੱਕਾਂ ਤੇ ਅਧਿਕਾਰਾਂ ਪ੍ਰਤੀ ਚੇਤੰਨ ਨਾਰੀ ਦਾ ਬਿੰਬ ਵੀ ਪ੍ਰਗਟ ਹੁੰਦਾ ਹੈ। ਪਿੱਤਰਕੀ ਮੁੱਲਾਂ ਨੂੰ ਪ੍ਰਣਾਈਆਂ ਨਾਰੀ ਪਾਤਰਾਂ ਇਸ ਹੱਦ ਤੱਕ ਪਿੱਤਰਸੱਤਾ ਦੀਆਂ ਗ਼ੁਲਾਮ ਹਨ ਕਿ ਉਹ ਆਪਣੇ ਨਾਲ ਹੋ ਰਹੇ ਅਮਾਨਵੀ ਵਿਵਹਾਰ ਨੂੰ ਜਾਣਦਿਆਂ ਹੋਇਆਂ ਵੀ ਸਭ ਕੁਝ ਚੁੱਪਚਾਪ ਬਰਦਾਸ਼ਤ ਕਰਨਾ ਆਪਣਾ ਨਾਰੀ ਧਰਮ ਸਮਝਦੀਆਂ ਹਨ। ਪਿੱਤਰਸੱਤਾਤਮਕ ਸਮਾਜਿਕ ਚੌਖਟੇ ਵਿੱਚ ਢਲੀਆਂ ਇਹ ਪਾਤਰਾਂ ਘਰ, ਪਰਿਵਾਰ, ਵਿਆਹ ਜਿਹੀਆਂ ਸੰਸਕ੍ਰਿਤਕ ਸੰਰਚਨਾਵਾਂ ਨਾਲ ਜੁੜੀ ਆਪਣੀ ਪਛਾਣ ਨੂੰ ਬਰਕਰਾਰ ਰੱਖਣ ਲਈ ਜ਼ਿੰਦਗੀ ਭਰ ਲਈ ਸਮਝੌਤਾਵਾਦੀ ਰੁਖ ਅਖ਼ਤਿਆਰ ਕਰ ਲੈਂਦੀਆਂ ਹਨ। ਦਰਅਸਲ ਕਹਾਣੀਕਾਰ ਇਹਨਾਂ ਨਾਰੀ ਪਾਤਰਾਂ ਦੀ ਸਿਰਜਣਾ ਰਾਹੀਂ ਸਾਡੇ ਸਾਹਮਣੇ ਪਿੱਤਰੀ ਸਮਾਜਿਕ ਸਿਸਟਮ ਦੇ ਉਸ ਗੁੰਝਲਦਾਰ ਵਰਤਾਰੇ ਨੂੰ ਉਭਾਰਦੀ ਹੈ ਜਿਸ ਵਿੱਚ ਨਾਰੀ ਦੀ ਮਾਨਸਿਕ ਘਾੜਤ ਹੀ ਇਸ ਪ੍ਰਕਾਰ ਕੀਤੀ ਜਾਂਦੀ ਹੈ ਕਿ ਉਹ ਪਿੱਤਰਸੱਤਾਤਮਕ ਪ੍ਰਬੰਧ ਨਾਲ ਟੱਕਰ ਲੈਣ ਦੀ ਬਜਾਇ ਆਪਣੇ ਆਪ ਨੂੰ ਕਮਜ਼ੋਰ, ਮਜ਼ਲੂਮ, ਬੇਵੱਸ, ਲਾਚਾਰ ਸਮਝ ਕੇ ਮਰਿਆਦਾਵਾਂ ਨੂੰ ਕਬੂਲਦੀ ਹੋਈ ਮਾਨਸਿਕ ਸੰਤਾਪ ਹੰਢਾਉਂਦੀ ਹੈ। ਰਸ਼ਿਮ ਦੀਆਂ ਕਹਾਣੀਆਂ ਪ੍ਰਾਕ੍ਰਿਤਕ ਇੱਛਾਵਾਂ ਅਤੇ ਸਭਿਆਚਾਰਕ ਮੁੱਲਾਂ ਦੇ ਦਵੰਦ ਵਿੱਚ ਘਿਰੀ ਔਰਤ ਦੀ ਵਿਚਲਿਤ ਮਨੋਸਥਿਤੀ ਨੂੰ ਵੀ ਰੂਪਮਾਨ ਕਰਦੀਆਂ ਹਨ। ਉਸ ਦੀਆਂ ਨਾਰੀ ਪਾਤਰਾਂ ਆਪਣੀਆਂ ਕਾਮੁਕ ਅਕਾਂਖਿਆਵਾਂ ਦੀ ਤ੍ਰਿਪਤੀ ਲਈ ਸਭਿਆਚਾਰਕ ਵਰਜਣਾਵਾਂ ਨੂੰ ਤੋੜਨ ਦੀ ਜੁਰੱਅਤ ਤਾਂ ਕਰਦੀਆਂ ਹਨ ਪ੍ਰੰਤੂ ਸਿੱਟੇ ਵਜੋਂ ਆਤਮ-ਗੁਨਾਹ ਦੀ ਭਾਵਨਾ ਵਿੱਚ ਗ੍ਰਸੀਆਂ ਜਾਂਦੀਆਂ ਹਨ। ਪਿੱਤਰਸੱਤਾ ਦੁਆਰਾ ਨਿਰਧਾਰਿਤ ਔਰਤ ਦੇਹ ਦੀ ਸੁੱਚਤਾ ਦੇ ਸੰਕਲਪ ਪ੍ਰਤੀ ਜਿੰਨੇ ਰਸ਼ਪਿੰਦਰ ਰਸ਼ਿਮ ਦੇ ਨਾਰੀ ਪਾਤਰ ਸੁਚੇਤ ਹਨ, ਓਨੇ ਨਿਰਮਲ ਜਸਵਾਲ ਦੇ ਨਹੀਂ।

ਰਸ਼ਪਿੰਦਰ ਰਸ਼ਿਮ ਦੀਆਂ ਕਈ ਕਹਾਣੀਆਂ ਛੋਟੀਆਂ ਬੱਚੀਆਂ ਦੇ ਜਿਨਸੀ ਸ਼ੋਸ਼ਣ ਦੇ ਮਸਲੇ ਨੂੰ ਉਠਾਉਂਦੀਆਂ ਹੋਈਆਂ ਪਿੱਤਰੀ ਪ੍ਰਬੰਧ 'ਤੇ ਕਟਾਖਸ਼ ਕਰਦੀਆਂ ਹਨ ਜਿਹੜਾ ਇੱਕ ਪਾਸੇ ਨਾਰੀ ਦੇਹ ਦੀ ਸੁੱਚਤਾ ਦਾ ਪ੍ਰਵਚਨ ਸਿਰਜਦਾ ਹੋਇਆ ਔਰਤ ਉੱਪਰ ਨੈਤਿਕ ਪ੍ਰਤੀਬੰਧ ਲਗਾਉਂਦਾ ਹੈ ਅਤੇ ਦੂਜੇ ਪਾਸੇ ਔਰਤ ਦੇਹ ਦੀ ਸੁੱਚਤਾ ਨੂੰ ਭੰਗ ਕਰਨ ਵਾਲੇ ਬਲਾਤਕਾਰੀ ਮਰਦ ਨੂੰ ਕਠੋਰ ਦੰਡ ਦੇਣ ਦੀ ਬਜਾਇ ਉਲਟਾ ਉਸਦੇ ਹੱਕ ਵਿੱਚ ਭੁਗਤਦਾ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪਿੱਤਰਤੰਤਰ ਔਰਤ ਨਾਲ ਹੋਏ ਇਸ ਅਮਾਨਵੀ ਵਿਵਹਾਰ ਦੀ ਸਜ਼ਾ ਦਾ ਭਾਗੀਦਾਰ ਵੀ ਉਸੇ ਨੂੰ ਹੀ ਮੰਨਦੇ ਹੋਏ ਸਮਾਜਿਕ ਪੱਖ ਤੋਂ ਉਸਨੂੰ ਹਾਸ਼ੀਏ 'ਤੇ ਰਹਿਣ ਲਈ ਮਜ਼ਬੂਰ ਕਰ ਦਿੰਦੇ ਹਨ। ਰਸ਼ਪਿੰਦਰ ਰਸ਼ਿਮ ਦੀ ਰਚਨਾਤਮਕਤਾ ਦਾ ਖਾਸ ਪਹਿਲੂ ਇਹ ਹੈ ਕਿ ਉਹ ਆਪਣੀਆਂ ਕਹਾਣੀਆਂ ਰਾਹੀਂ ਲਿੰਗ ਆਧਾਰ ਤੇ ਨਾਰੀ ਨਾਲ ਹੁੰਦੇ ਵਿਤਕਰੇ ਅਤੇ ਵੱਖਰਤਾ ਭਰੇ ਵਿਵਹਾਰ ਨੂੰ ਆਪਣੇ ਵਿਸ਼ੇਸ਼ ਨਾਰੀ ਦ੍ਰਿਸ਼ਟੀਕੋਣ ਤੋਂ ਉਜਾਗਰ ਕਰਦੀ ਹੈ। ਇਸ ਪ੍ਰਸੰਗ ਵਿੱਚ ਉਸ ਦੀਆਂ ਕਹਾਣੀਆਂ ਵਿੱਚ ਅਜਿਹੀਆਂ ਨਾਰੀ ਪਾਤਰਾਂ ਸਾਹਮਣੇ ਆਉਂਦੀਆਂ ਹਨ ਜਿਹੜੀਆਂ ਔਰਤ ਪ੍ਰਤੀ ਪਿੱਤਰਕੀ ਦੇ ਨਾਂਹਮੁਖੀ ਡਿਸਕੋਰਸ ਦੀਆਂ ਖ਼ੁਦ ਸ਼ਿਕਾਰ ਹਨ। ਇਹ ਪਾਤਰਾਂ ਆਪਣੀ ਹੀ ਧਿਰ ਦੇ ਖ਼ਿਲਾਫ਼ ਭੁਗਤਦੀਆਂ ਹੋਈਆਂ ਪਿੱਤਰਕੀ ਸਮਾਜਿਕ ਪ੍ਰੰਪਰਾਵਾਂ ਅਤੇ ਮਿੱਥਕ ਧਾਰਣਾਵਾਂ ਨੂੰ ਪੱਕਿਆਂ ਕਰਨ ਦਾ ਜ਼ਰੀਆ ਬਣਦੀਆਂ ਹਨ।

ਬਚਿੰਤ ਕੌਰ ਅਤੇ ਅੰਮ੍ਰਿਤਪਾਲ ਕੌਰ ਦੀਆਂ ਕਹਾਣੀਆਂ ਦਾ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕਰਨ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਇਹ ਕਹਾਣੀਆਂ ਪੇਂਡੂ ਪੰਜਾਬੀ ਨਾਰੀ ਨਾਲ ਸੰਬੰਧਿਤ ਵਿਭਿੰਨ ਸਮੱਸਿਆਵਾਂ ਨੂੰ ਪੰਜਾਬੀ ਸਮਾਜ-ਸਭਿਆਚਾਰਕ ਚੌਖਟੇ ਵਿੱਚ ਰੱਖ ਕੇ ਪੇਸ਼ ਕਰਦੀਆਂ ਹੋਈਆਂ ਪੇਂਡੂ ਪੰਜਾਬੀ ਨਾਰੀ ਦੀ ਮਾਨਸਿਕ ਘੁਟਨ ਅਤੇ ਅੰਤਰੀਵੀ ਪੀੜਾ ਨੂੰ ਅਗਰਭੂਮਿਤ ਕਰਦੀਆਂ ਹਨ। ਇਹਨਾਂ ਕਹਾਣੀਆਂ ਦੇ ਸਰੋਕਾਰ ਬਾਂਝ ਅਤੇ ਵਿਧਵਾ ਔਰਤ ਦਾ ਸਮਾਜਿਕ ਦੁਖਾਂਤ, ਅਣਜੋੜ ਵਿਆਹ ਦਾ ਦੁਖਾਂਤ, ਵਰ-ਘਰ ਦੀ ਸਮੱਸਿਆ, ਪਤੀ-ਪਤਨੀ ਸੰਬੰਧਾਂ ਵਿਚਲਾ ਅਸੰਤੁਲਨ, ਨਿਪੁੰਸਕ ਮਰਦ ਨਾਲ ਵਿਆਹੀ ਔਰਤ ਦਾ ਮਨੋਸੰਕਟ, ਪਿੱਤਰੀ ਵਿਆਹ ਪ੍ਰਬੰਧ ਦੇ ਅੰਤਰਗਤ ਪਤਨੀ ਦੇ ਲਿੰਗਕ ਸ਼ੋਸ਼ਣ ਦਾ ਮਸਲਾ, ਦਲਿਤ ਔਰਤ ਦਾ ਦੁਖਾਂਤ ਨਾਲ ਸੰਬੰਧਿਤ ਹਨ। ਬਚਿੰਤ ਕੌਰ ਅਤੇ ਅੰਮ੍ਰਿਤਪਾਲ ਕੌਰ ਦੀਆਂ ਜ਼ਿਆਦਾਤਰ ਕਹਾਣੀਆਂ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰੀ ਸਮਾਜਿਕ ਸੰਸਥਾਵਾਂ ਵਿੱਚ ਮਰਦਸੱਤਾ ਦੀ ਪ੍ਰਧਾਨਤਾ ਕਾਰਨ ਦੁਜੈਲੇ ਪੱਧਰ 'ਤੇ ਜੀਅ ਰਹੀ ਪੇਂਡੂ ਪੰਜਾਬੀ ਨਾਰੀ ਦੀ ਸ਼ੋਸ਼ਿਤ ਸਥਿਤੀ ਨੂੰ ਉਜਾਗਰ ਕਰਦੀਆਂ ਹਨ। ਪੰਜਾਬੀ ਸਮਾਜ ਮੂਲ ਰੂਪ ਵਿੱਚ ਕਿਰਸਾਣੀ ਸਮਾਜ ਹੈ ਜਿਸਦੀ ਆਰਥਿਕਤਾ ਦਾ ਆਧਾਰ ਜ਼ਮੀਨ ਨਾਲ ਜੁੜਿਆ ਹੋਇਆ ਹੈ। ਜ਼ਮੀਨ ਜਾਂ ਸੰਪੱਤੀ ਦਾ ਮਾਲਕ ਮਰਦ ਨੂੰ ਮੰਨੇ ਜਾਣ ਕਾਰਨ ਪੇਂਡੂ ਪੰਜਾਬੀ ਔਰਤ

ਆਰਥਿਕ ਪੱਖੋਂ (ਪਿਤਾ, ਭਰਾ, ਪਤੀ, ਪੁੱਤਰ) ਉੱਪਰ ਨਿਰਭਰ ਹੈ। ਪੇਂਡੂ ਪੰਜਾਬੀ ਔਰਤ ਦੀ ਇਹ ਨਿਰਭਰਤਾ ਵਾਲੀ ਸਥਿਤੀ ਉਸਨੂੰ ਪਿੱਤਰੀ ਸੋਚ ਵਾਲੇ ਮਰਦ ਦੇ ਦਾਬੇ ਹੇਠ ਰਹਿਣ ਲਈ ਮਜ਼ਬੂਰ ਕਰਦੀ ਹੈ। ਪਿੱਤਰੀ ਮਾਨਸਿਕਤਾ ਵਾਲੇ ਪਿਤਾ, ਭਰਾ ਅਤੇ ਪਤੀ ਆਪਣੀ ਮਰਜ਼ੀ ਨੂੰ ਪਹਿਲ ਦਿੰਦੇ ਹਨ ਜਿਸਦੇ ਫਲਸਰੂਪ ਇਹਨਾਂ ਕਹਾਣੀਆਂ ਵਿਚਲੀਆਂ ਨਾਰੀ ਪਾਤਰਾਂ ਆਪਣੀਆਂ ਵਿਅਕਤੀਗਤ ਖ਼ਾਹਿਸ਼ਾਂ, ਸੱਧਰਾਂ ਅਤੇ ਖ਼ੁਸ਼ੀਆਂ ਨੂੰ ਦਬਾਉਂਦੀਆਂ ਹੋਈਆਂ ਨਿਰੰਤਰ ਮਾਨਸਿਕ ਤਨਾਉ ਵਿੱਚੋਂ ਗੁਜ਼ਰਦੀਆਂ ਹਨ।

ਬਚਿੰਤ ਕੌਰ ਦੀਆਂ ਕਹਾਣੀਆਂ ਵਿੱਚ ਪੇਸ਼ ਘਰੇਲੂ ਪੇਂਡੂ ਪੰਜਾਬੀ ਨਾਰੀ ਪਾਤਰਾਂ ਦਾ ਜੋ ਬਿੰਬ ਉੱਭਰਦਾ ਹੈ ਉਹ ਆਦਰਸ਼ ਭਾਰਤੀ ਪੰਜਾਬੀ ਔਰਤ ਦਾ ਹੈ ਜਿਹੜੀ ਪਿੱਤਰਕੀ ਮੁੱਲਾਂ ਵਿੱਚ ਜਕੜੀ ਹੋਈ ਹੈ। ਪਤਨੀ ਰੂਪ ਵਿੱਚ ਪੇਸ਼ ਇਹ ਔਰਤ ਪਾਤਰਾਂ ਮਰਦ ਦੇ ਸਾਮੰਤੀ ਵਿਵਹਾਰ ਕਾਰਨ ਸ਼ੋਸ਼ਿਤ ਹੁੰਦੀਆਂ ਹੋਈਆਂ ਵੀ ਪ੍ਰਾਪਤ ਪ੍ਰਸਥਿਤੀਆਂ ਨਾਲ ਸਮਝੌਤਾ ਕਰਨ ਨੂੰ ਤਰਜੀਹ ਦਿੰਦੀਆਂ ਹਨ। ਪਿੱਤਰਸੱਤਾ ਵੱਲੋਂ ਔਰਤ ਲਈ ਨਿਰਧਾਰਿਤ ਗੁਣਾਂ ਆਗਿਆਕਾਰੀ, ਸੰਸਕਾਰੀ, ਸਮਰਪਿਤ, ਸਮਝੌਤਾਵਾਦੀ ਆਦਿ ਦੀਆਂ ਧਾਰਨੀ ਇਹ ਪਾਤਰਾਂ ਸਮਾਜ ਸਿਰਜਤ ਰਿਸ਼ਤਿਆਂ ਨੂੰ ਸਭਿਆਚਾਰਕ ਪ੍ਰਸੰਗ ਵਿੱਚ ਨਿਭਾਉਣ ਦੀਆਂ ਇਛੁੱਕ ਹਨ। ਬਚਿੰਤ ਕੌਰ ਕੁਝ ਕਹਾਣੀਆਂ ਵਿੱਚ ਬਦਲ ਰਹੀਆਂ ਪ੍ਰਸਥਿਤੀਆਂ ਨਾਲ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਹੋ ਰਹੀਆਂ ਪੇਂਡੂ ਪੰਜਾਬੀ ਨਾਰੀ ਪਾਤਰਾਂ ਦੀ ਵੀ ਸਿਰਜਣਾ ਕਰਦੀ ਹੈ। ਇਹ ਜਾਗ੍ਰਿਤ ਔਰਤ ਪਾਤਰਾਂ ਜਿੱਥੇ ਮਰਦ ਦੇ ਪੈਤਰਿਕ ਰਵੱਈਏ ਦੀ ਵਿਧੋਰਤਾ ਕਰਦੀਆਂ ਹਨ, ਉੱਥੇ ਸਮੁੱਚੀ ਨਾਰੀ ਜਾਤੀ ਨੂੰ ਆਪਣੀ ਸਥਿਤੀ ਸੁਧਾਰਨ ਲਈ ਆਰਥਿਕ ਪੱਖੋਂ ਸਵੈ-ਨਿਰਭਰ ਹੋਣ ਦਾ ਸੁਨੇਹਾ ਦਿੰਦੀਆਂ ਹਨ। ਬਚਿੰਤ ਕੌਰ ਪਤੀ-ਪਤਨੀ ਰਿਸ਼ਤੇ ਵਿਚਲੇ ਤਨਾਉ ਨੂੰ ਪੇਸ਼ ਕਰਦੀ ਹੋਈ ਪ੍ਰਚਲਿਤ ਪਿੱਤਰੀ ਵਿਆਹ ਸੰਸਥਾ ਨੂੰ ਸੱਤਾ, ਸ਼ਕਤੀ ਦੇ ਸੰਬੰਧਾਂ ’ਤੇ ਆਧਾਰਿਤ ਅਜਿਹੇ ਪ੍ਰਬੰਧ ਵਜੋਂ ਉਭਾਰਦੀ ਹੈ ਜਿਸ ਤਹਿਤ ਸੱਤਾਵਾਨ ਧਿਰ ਆਪਣੀ ਸ਼ਕਤੀ ਦੇ ਪ੍ਰਯੋਗ ਰਾਹੀਂ ਸੱਤਾਹੀਣ ਧਿਰ ਨੂੰ ਆਪਣੇ ਦਾਬੇ ਹੇਠ ਰਹਿਣ ਲਈ ਮਜ਼ਬੂਰ ਕਰਦੀ ਹੈ। ਇਸ ਸੰਦਰਭ ਵਿੱਚ ਉਸ ਦੀਆਂ ਕਹਾਣੀਆਂ ਨਾ ਕੇਵਲ ਮਰਦ ਹੱਥੋਂ ਸ਼ੋਸ਼ਿਤ ਹੋ ਰਹੀ ਪਤਨੀ ਦੀ ਦਮਿਤ ਸਥਿਤੀ ਨੂੰ ਦਰਸਾਉਂਦੀਆਂ ਹਨ ਬਲਕਿ ਪਤਨੀ ਦੇ ਪਿੱਤਰਸੱਤਾਤਮਕ ਰਵੱਈਏ ਕਾਰਨ ਮਾਨਸਿਕ, ਭਾਵਾਤਮਕ ਰੂਪ ਵਿੱਚ ਸ਼ੋਸ਼ਿਤ ਹੋ ਰਹੇ ਮਰਦ ਪਤੀ ਦੇ ਦੁਖਾਂਤ ਨੂੰ ਵੀ ਰੂਪਮਾਨ ਕਰਦੀਆਂ ਹਨ।

ਅੰਮ੍ਰਿਤਪਾਲ ਕੌਰ ਦੀਆਂ ਕਹਾਣੀਆਂ ਵਿੱਚ ਜਿੱਥੇ ਪ੍ਰੰਪਰਕ ਮਿੱਥਕ ਧਾਰਣਾਵਾਂ ਦੀਆਂ ਸ਼ਿਕਾਰ ਅਤੇ ਪਿੱਤਰਕੀ ਮੁੱਲਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਪੇਂਡੂ ਪੰਜਾਬੀ ਔਰਤ ਪਾਤਰਾਂ ਪੇਸ਼ ਹੋਈਆਂ ਹਨ, ਉੱਥੇ ਆਪਣੀ ਦਮਿਤ ਅਤੇ ਦੁਜੈਲੀ ਸਥਿਤੀ ਪ੍ਰਤੀ ਚੇਤੰਨ ਪਾਤਰਾਂ ਵੀ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਜਾਗਰੂਕ ਪਾਤਰਾਂ ਦਮਨਸ਼ੀਲ ਪਿੱਤਰਕੀ ਪ੍ਰਬੰਧ ਨਾਲ ਟਕਰਾਉਂਦੀਆਂ ਹੋਈਆਂ ਆਪਣੀ ਵਸਤੂ ਬਣ ਚੁੱਕੀ

ਹੋਂਦ ਤੋਂ ਛੁੱਟਣ ਲਈ ਰੋਹ ਤੋਂ ਵਿਦਰੋਹ ਤੱਕ ਦਾ ਸਫ਼ਰ ਕਰਦੀਆਂ ਹਨ। ਪਤੀ ਦੀ ਨਿਪੁੰਸਕਤਾ, ਪਤੀ ਅਤੇ ਸਮਾਜ ਵੱਲੋਂ ਅਣਗੌਲੇ ਜਾਣ ਦੀ ਸੂਰਤ ਵਿੱਚ ਉਹ ਜਿੱਥੇ ਸਮਾਜ ਸਿਰਜਤ ਰਿਸ਼ਤਿਆਂ 'ਤੇ ਸਵਾਲੀਆ ਨਿਸ਼ਾਨ ਲਾਉਂਦੀਆਂ ਹਨ, ਉੱਥੇ ਆਪਣੀ ਮਨਇੱਛਤ ਜ਼ਿੰਦਗੀ ਜਿਊਣ ਲਈ ਵਿਆਹ ਬਾਹਰੇ ਸੰਬੰਧ ਸਥਾਪਿਤ ਕਰਨ ਵੱਲ ਅਹੁਲਦੀਆਂ ਹਨ। ਕਹਾਣੀਕਾਰ ਨੇ ਅਵੈਧ ਰਿਸ਼ਤੇ ਹੰਢਾਉਂਦੀਆਂ ਇਹਨਾਂ ਪਾਤਰਾਂ ਰਾਹੀਂ ਨਾਰੀ ਦੀ ਉਸ ਮਨੋਸੰਵੇਦਨਾ ਨੂੰ ਉਜਾਗਰ ਕੀਤਾ ਹੈ ਜਿਹੜੀ ਮਨੁੱਖ ਦੀ ਭਰਪੂਰ ਜੀਵਨ ਜਿਊਣ ਦੀ ਲਾਲਸਾ ਵਿੱਚੋਂ ਉਤਪੰਨ ਹੁੰਦੀ ਹੈ। ਅੰਮ੍ਰਿਤਪਾਲ ਕੌਰ ਦੀਆਂ ਕਹਾਣੀਆਂ ਵਿੱਚ ਅਜਿਹੀਆਂ ਨਾਰੀ ਪਾਤਰਾਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਜਿਹੜੀਆਂ ਆਪਣੇ ਅਸਤਿਤਵ ਨੂੰ ਦਬਾਏ ਜਾਣ ਦੇ ਫਲਸਰੂਪ ਪਿੱਤਰੀ ਪ੍ਰਬੰਧ ਵਿਰੁੱਧ ਆਵਾਜ਼ ਉਠਾਉਂਦੀਆਂ ਹਨ ਪ੍ਰੰਤੂ ਨਾਰੀਵਾਦੀ ਨਜ਼ਰੀਏ ਤੋਂ ਇਹ ਪਾਤਰਾਂ ਸਵੈ-ਵਿਰੋਧਾਂ ਦੀਆਂ ਸ਼ਿਕਾਰ ਹਨ। ਪੜ੍ਹੀਆਂ-ਲਿਖੀਆਂ ਹੋਣ ਦੇ ਬਾਵਜੂਦ ਉਹ ਪਿੱਤਰਕੀ ਵਿਚਾਰਧਾਰਾ ਦੀ ਹੀ ਪ੍ਰੋੜ੍ਹਤਾ ਕਰਦੀਆਂ ਦਿਖਾਈ ਦਿੰਦੀਆਂ ਹਨ। ਕਹਾਣੀਕਾਰ ਖ਼ੁਦ ਕਈ ਥਾਵਾਂ ਉੱਤੇ ਮਰਦ ਵਿਰੋਧੀ ਪੈਂਤੜਾ ਅਪਣਾ ਕੇ ਨਾਰੀ ਦੀ ਬੇਲੋੜੀ ਵਕਾਲਤ ਕਰਦੀ ਹੋਈ ਸਵੈ-ਟਿੱਪਣੀਆਂ ਕਰਦੀ ਨਜ਼ਰ ਆਉਂਦੀ ਹੈ ਜੋ ਕਿ ਨਾਰੀਵਾਦੀ ਚਿੰਤਨ ਅਨੁਸਾਰ ਪ੍ਰਸੰਗਿਕਤਾ ਗ੍ਰਹਿਣ ਨਹੀਂ ਕਰਦਾ।

ਬਚਿੰਤ ਕੌਰ ਅਤੇ ਅੰਮ੍ਰਿਤਪਾਲ ਕੌਰ ਨੇ ਜਿੱਥੇ ਮੱਧਵਰਗੀ ਪੇਂਡੂ ਪੰਜਾਬੀ ਔਰਤ ਦੀ ਸਮਾਜ-ਸਭਿਆਚਾਰਕ ਸਥਿਤੀ ਤੇ ਸਮੱਸਿਆਵਾਂ ਨੂੰ ਰੂਪਮਾਨ ਕੀਤਾ ਹੈ, ਉੱਥੇ ਜਾਤ-ਪਾਤ ਢਾਂਚੇ ਵਾਲੇ ਭਾਰਤੀ ਪੰਜਾਬੀ ਸਮਾਜ ਵਿਚਲੀ ਪੇਂਡੂ ਦਲਿਤ ਔਰਤਾਂ ਦੀ ਹਾਸ਼ੀਆਕ੍ਰਿਤ ਸਥਿਤੀ ਅਤੇ ਅਸਤਿਤਵੀ ਸੰਕਟ ਨੂੰ ਵੀ ਉਭਾਰਿਆ ਹੈ। ਪਿੱਤਰਕੀ ਸਮਾਜਿਕ ਪ੍ਰਬੰਧ ਵਿੱਚ ਦਲਿਤ ਔਰਤ ਦੋਹਰੇ-ਤੀਹਰੇ ਸ਼ੋਸ਼ਣ ਦੀ ਭਾਗੀਦਾਰ ਬਣਦੀ ਹੈ, ਇਕ ਔਰਤ ਵਜੋਂ ਅਤੇ ਦੂਸਰਾ ਦਲਿਤ ਸ਼੍ਰੇਣੀ ਨਾਲ ਸੰਬੰਧਿਤ ਔਰਤ ਹੋਣ ਕਰਕੇ। ਇਹਨਾਂ ਕਹਾਣੀਆਂ ਵਿਚਲੀਆਂ ਦਲਿਤ ਔਰਤ ਪਾਤਰਾਂ ਜਿੱਥੇ ਜਾਤੀ ਪੀੜਾ ਸਹਿੰਦੀਆਂ ਹਨ, ਉੱਥੇ ਉੱਚ ਜਾਤੀ ਦੇ ਮਰਦਾਂ ਹੱਥੋਂ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹੋਈਆਂ ਮਾਨਸਿਕ ਸੰਤਾਪ ਹੰਢਾਉਂਦੀਆਂ ਹਨ।

ਰਾਣੀ ਨਰਿੰਦਰ ਕੌਰ ਅਤੇ ਪ੍ਰਵੇਜ਼ ਸੰਧੂ ਦੀਆਂ ਕਹਾਣੀਆਂ ਦਾ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਅਧਿਐਨ-ਮੁਲਾਂਕਣ ਕਰਨ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਇਹ ਕਹਾਣੀਆਂ ਪਰਵਾਸੀ ਪੰਜਾਬੀ ਨਾਰੀ ਜੀਵਨ 'ਤੇ ਫੋਕਸ ਕਰਦੀਆਂ ਹੋਈਆਂ ਪਰਵਾਸੀ ਪੰਜਾਬੀ ਨਾਰੀ ਦੁਆਰਾ ਬਦਲੀਆਂ ਪ੍ਰਸਥਿਤੀਆਂ ਦੇ ਫਲਸਰੂਪ ਭੋਗੇ ਜਾ ਰਹੇ ਤਣਾਅ, ਪੱਛਮੀ ਸਭਿਆਚਾਰ ਦੇ ਪ੍ਰਭਾਵ ਸਦਕਾ ਪਰਵਾਸੀ ਪੰਜਾਬੀ ਨਾਰੀ ਦੀ ਬਦਲ ਰਹੀ ਸਮਾਜਿਕ, ਆਰਥਿਕ, ਮਾਨਸਿਕ ਸਥਿਤੀ, ਪੱਛਮੀ ਸਮਾਜ ਵਿੱਚ ਪਰਵਾਸੀ ਪੰਜਾਬੀ ਨਾਰੀ

ਦੁਆਰਾ ਆਪਣੀ ਹੋਂਦ-ਹਸਤੀ ਦੀ ਪਛਾਣ ਲਈ ਕੀਤੇ ਜਾ ਰਹੇ ਸੰਘਰਸ਼, ਗਲੋਬਲੀ ਸਭਿਆਚਾਰ ਦੇ ਸਨਮੁੱਖ ਔਰਤ ਮਰਦ ਰਿਸ਼ਤੇ ਵਿੱਚ ਆ ਰਹੇ ਪਰਿਵਰਤਨ, ਨਵ-ਪੂੰਜੀਵਾਦੀ ਪ੍ਰਬੰਧ ਕਾਰਨ ਨਿੱਜ ਕੇਂਦਰਿਤ ਅਤੇ ਉਪਭੋਗੀ ਰੁਚੀਆਂ ਦੇ ਫੈਲਾਅ ਕਾਰਨ ਰਿਸ਼ਤਿਆਂ ਵਿੱਚ ਉਪਜੇ ਸੰਕਟ ਆਦਿ ਸਰੋਕਾਰਾਂ ਨੂੰ ਆਪਣੇ ਕਲੇਵਰ ਵਿੱਚ ਲੈਂਦੀਆਂ ਹਨ।

ਪ੍ਰਵੇਜ਼ ਸੰਧੂ ਦੀਆਂ ਕਹਾਣੀਆਂ ਤਿੰਨ ਪੀੜ੍ਹੀਆਂ ਦੀ ਪੰਜਾਬੀ ਔਰਤ ਦੀ ਮਾਨਸਿਕਤਾ ਨੂੰ ਤੁਲਨਾਤਮਕ ਪਰਿਪੇਖ ਵਿੱਚ ਰੱਖ ਕੇ ਪੇਸ਼ ਕਰਦੀਆਂ ਹਨ। ਪਹਿਲੀ ਪੀੜ੍ਹੀ ਦੀ ਔਰਤ ਪਾਤਰ ਪੰਜਾਬ ਵਿੱਚ ਰਹਿ ਰਹੀ ਉਹ ਪ੍ਰੰਪਰਕ ਭਾਰਤੀ ਪੰਜਾਬੀ ਨਾਰੀ ਹੈ ਜਿਹੜੀ ਅਨਪੜ੍ਹ ਹੋਣ ਕਾਰਨ ਆਪਣੇ ਨਾਰੀ ਅਧਿਕਾਰਾਂ ਬਾਰੇ ਜਾਗਰੂਕ ਨਹੀਂ। ਇਹ ਔਰਤ ਪਾਤਰ ਜਿੱਥੇ ਖ਼ੁਦ ਪਿੱਤਰਕੀ ਕਦਰਾਂ-ਕੀਮਤਾਂ, ਮੁੱਲਾਂ ਅਤੇ ਰੂੜ੍ਹੀਵਾਦੀ ਧਾਰਨਾਵਾਂ ਵਿੱਚ ਗ੍ਰਸੀ ਹੋਈ ਹੈ, ਉੱਥੇ ਆਪਣੀ ਧੀ ਜਿਹੜੀ ਕਿ ਦੂਜੀ ਪੀੜ੍ਹੀ ਦੀ ਔਰਤ ਹੈ, ਦੀ ਸੋਚ ਨੂੰ ਵੀ ਪਿੱਤਰਕੀ ਸਿਸਟਮ ਅਨੁਕੂਲ ਢਾਲਣਾ ਚਾਹੁੰਦੀ ਹੈ। ਪਿੱਤਰਕੀ ਮਾਨਸਿਕ ਘਾੜਤ ਕਾਰਨ ਉਹ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰਕੀ ਸੰਰਚਨਾਵਾਂ ਵਿੱਚ ਸ਼ੋਸ਼ਿਤ ਹੁੰਦੀ ਹੋਈ ਨਾ ਤਾਂ ਆਪਣੇ ਵਿਰੋਧੀ ਪ੍ਰਸਥਿਤੀਆਂ ਪ੍ਰਤੀ ਕੋਈ ਇਤਰਾਜ਼ ਜਤਾਉਂਦੀ ਹੈ ਅਤੇ ਨਾ ਹੀ ਆਪਣੀ ਦਮਿਤ ਸਥਿਤੀ ਨੂੰ ਬਦਲਣ ਲਈ ਕੋਈ ਰਾਹ ਤਲਾਸ਼ਦੀ ਹੈ। ਦੂਜੀ ਪੀੜ੍ਹੀ ਦੀ ਔਰਤ ਪਾਤਰ ਪੰਜਾਬ ਵਿੱਚ ਜੰਮੀ-ਪਲੀ ਹੈ ਜਿਹੜੀ ਪਰਵਾਸ ਕਰਕੇ ਅਮਰੀਕਾ ਵਰਗੇ ਅਤਿ ਵਿਕਸਤ ਦੇਸ਼ ਵਿੱਚ ਵੱਸ ਚੁੱਕੀ ਹੈ। ਇਹ ਪਰਵਾਸੀ ਪੰਜਾਬੀ ਔਰਤ ਪਾਤਰ ਭਾਵੇਂ ਪੜ੍ਹੀ-ਲਿਖੀ, ਆਰਥਿਕ ਤੌਰ ’ਤੇ ਸਵੈ-ਨਿਰਭਰ ਅਤੇ ਪੱਛਮੀ ਨਿਜ਼ਾਮ ਵਿਚਲੇ ਨਾਰੀ ਅਧਿਕਾਰਾਂ ਪ੍ਰਤੀ ਸੁਚੇਤ ਵੀ ਹੈ ਪ੍ਰੰਤੂ ਇਸ ਸਭ ਦੇ ਬਾਵਜੂਦ ਉਸਦੀ ਮਾਨਸਿਕਤਾ ਪਿੱਤਰਸੱਤਾਤਮਕ ਮੁੱਲਾਂ ਅਤੇ ਪ੍ਰੰਪਰਾਵਾਂ ਤੋਂ ਮੁਕਤ ਨਹੀਂ ਹੁੰਦੀ। ਉਹ ਪੂਰਬੀ ਸਮਾਜ ਵਿਚਲੇ ਪ੍ਰੰਪਰਕ ਸੰਸਕਾਰਾਂ ਪ੍ਰਤੀ ਵਫ਼ਾਦਾਰੀ ਪਾਲਦੀ ਅਤੇ ਮਰਦ ਪਤੀ ਦੀਆਂ ਵਧੀਕੀਆਂ ਨੂੰ ਝੱਲਦੀ ਹੋਈ ਸਵੈ-ਤਰਸ ਦੀ ਸ਼ਿਕਾਰ ਹੋ ਕੇ ਮਾਨਸਿਕ ਤਣਾਉ ਭੋਗਦੀ ਹੈ। ਇਹਨਾਂ ਕਹਾਣੀਆਂ ਵਿੱਚ ਪੇਸ਼ ਤੀਜੀ ਪੀੜ੍ਹੀ ਦੀ ਔਰਤ ਪਾਤਰ ਨਾਰੀਵਾਦੀ ਚੇਤਨਾ ਦੀ ਦ੍ਰਿਸ਼ਟੀ ਤੋਂ ਚੇਤੰਨ ਔਰਤ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ। ਪੱਛਮੀ ਸਭਿਆਚਾਰ ਦੀ ਜੰਮਪਲ ਹੋਣ ਕਾਰਣ ਉਹ ਪੱਛਮੀ ਸਮਾਜ ਵਿਚਲੇ ਨਾਰੀ ਅਧਿਕਾਰਾਂ ਪ੍ਰਤੀ ਜਾਗਰੂਕ ਹੈ। ਉਹ ਆਪਣੀ ਵਿਅਕਤੀਗਤ ਆਜ਼ਾਦੀ ਨੂੰ ਮਾਨਣ ਦੀ ਇੱਛੁਕ ਹੈ ਜਿਸ ਕਾਰਣ ਉਹ ਰੂੜ੍ਹੀਵਾਦੀ ਪ੍ਰੰਪਰਕ ਮੁੱਲਾਂ ਨੂੰ ਚੁਣੌਤੀ ਦਿੰਦੀ ਹੋਈ ਪੂਰਬੀ ਸਭਿਆਚਾਰਕ ਮੁੱਲ-ਪ੍ਰਬੰਧ ਅਤੇ ਪਿੱਤਰਕੀ ਮਾਨਸਿਕਤਾ ਵਾਲੇ ਪੰਜਾਬੀ ਮਰਦ ਨਾਲ ਦਵੰਦ ਅਤੇ ਟਕਰਾਓ ਦੀ ਸਥਿਤੀ ਵਿੱਚ ਵਿਚਰਦੀ ਹੈ। ਪ੍ਰਵੇਜ਼ ਸੰਧੂ ਦੀ ਕਹਾਣੀ ਪਰਵਾਸੀ ਪੰਜਾਬੀ ਮਰਦ ਦੀ ਪਿੱਤਰਕੀ ਸੋਚ ਦੀਆਂ ਪਰਤਾਂ ਵੀ ਉਧੇੜਦੀ

ਹੈ ਜਿਹੜਾ ਖ਼ੁਦ ਤਾਂ ਪੱਛਮੀ ਸਭਿਆਚਾਰ ਵਿਚਲੀਆਂ ਖੁੱਲ੍ਹਾਂ ਨੂੰ ਮਾਨਣਾ ਚਾਹੁੰਦਾ ਹੈ ਲੇਕਿਨ ਆਪਣੀ ਪਤਨੀ ਅਤੇ ਧੀ ਨੂੰ ਆਜ਼ਾਦੀ ਪੂਰਬੀ ਮੁੱਲ-ਪ੍ਰਬੰਧ ਅਨੁਸਾਰ ਦੇਣ ਦਾ ਹੱਕਦਾਰ ਹੈ। ਪਰਵਾਸੀ ਮਰਦ ਦੁਆਰਾ ਅਪਣਾਏ ਜਾਂਦੇ ਦੋਹਰੇ ਮਾਪਦੰਡਾਂ ਕਾਰਨ ਉਹਨਾਂ ਦੇ ਆਪਸੀ ਰਿਸ਼ਤੇ ਵਿੱਚ ਸੰਕਟ ਉਪਜਦਾ ਹੈ।

ਪ੍ਰਵੇਜ਼ ਸੰਧੂ ਆਪਣੀਆਂ ਕਹਾਣੀਆਂ ਵਿੱਚ ਪਰਵਾਸੀ ਪੰਜਾਬੀ ਔਰਤ ਅਤੇ ਪੱਛਮੀ ਔਰਤ ਦੇ ਮਾਨਸਿਕ ਅੰਤਰ ਨੂੰ ਵੀ ਦੋ ਵਿਭਿੰਨ ਸੰਸਕ੍ਰਿਤੀਆਂ ਦੇ ਤੁਲਨਾਤਮਕ ਪ੍ਰਸੰਗ ਰਾਹੀਂ ਉਭਾਰਦੀ ਹੈ। ਇਹਨਾਂ ਕਹਾਣੀਆਂ ਵਿੱਚ ਪੇਸ਼ ਪੱਛਮੀ (ਅੰਗਰੇਜ਼) ਔਰਤ ਪਾਤਰਾਂ ਪੂਰਬੀ ਪੰਜਾਬੀ ਔਰਤ ਪਾਤਰਾਂ ਦੇ ਨਿਸਬਤਨ ਆਪਣੇ ਜੀਵਨ, ਵਿਅਕੀਤਗਤ ਇੱਛਾਵਾਂ ਅਤੇ ਰਿਸ਼ਤਿਆਂ ਪ੍ਰਤੀ ਵਧੇਰੇ ਉਦਾਰ ਅਤੇ ਤਾਰਕਿਕ ਦ੍ਰਿਸ਼ਟੀਕੋਣ ਰੱਖਦੀਆਂ ਹਨ। ਪੂਰਬੀ ਪੰਜਾਬੀ ਔਰਤ ਪਾਤਰਾਂ ਦੀ ਸੋਚ ਅਤੇ ਅੰਤਰ-ਦ੍ਰਿਸ਼ਟੀ ਸੀਮਤ, ਅੰਤਰਮੁਖੀ ਅਤੇ ਪਿੱਤਰਕੀ ਕੀਮਤਾਂ ਅਨੁਸਾਰੀ ਹੈ। ਪੂਰਬੀ ਔਰਤ ਜਿੱਥੇ ਵਿਆਹ, ਘਰ, ਪਰਿਵਾਰ, ਪਤੀ, ਬੱਚੇ ਆਦਿ ਸੰਬੰਧੀ ਪਿੱਤਰਸੱਤਾ ਦੁਆਰਾ ਸਿਰਜਤ ਪ੍ਰਵਚਨਾਂ ਦੀ ਸ਼ਿਕਾਰ ਹੈ, ਉੱਥੇ ਪੱਛਮੀ ਔਰਤ ਇਹਨਾਂ ਸਮਾਜ ਸਿਰਜਤ ਇਕਾਈਆਂ ਨੂੰ ਵੱਖਰੇ ਜਾਵੀਏ ਤੋਂ ਦੇਖਦੀ ਹੈ। ਉਹ ਨਾ ਤਾਂ ਪੂਰਬੀ ਔਰਤ ਵਾਂਗ ਮਰਦ ਪਤੀ ਦੀਆਂ ਵਧੀਕੀਆਂ ਨੂੰ ਬਰਦਾਸ਼ਤ ਕਰਦੀ ਹੈ ਅਤੇ ਨਾ ਹੀ ਆਪਣੀ ਹੋਂਦ ਅਤੇ ਪਛਾਣ ਇਹਨਾਂ ਸਭਿਆਚਾਰਕ ਸੰਰਚਨਾਵਾਂ ਨਾਲ ਜੋੜ ਕੇ ਦੇਖਦੀ ਹੋਈ ਉਪਭਾਵੁਕਤਾ ਦੀ ਸ਼ਿਕਾਰ ਹੁੰਦੀ ਹੈ। ਉਹ ਆਪਣੀ ਅਸਤਿਤਵੀ ਆਜ਼ਾਦੀ ਅਤੇ ਸਵੈਮਾਨ ਨੂੰ ਬਰਕਰਾਰ ਰੱਖਣ ਲਈ ਮਰਦ ਨਾਲ ਬਰਾਬਰ ਧਰਾਤਲ ’ਤੇ ਰਿਸ਼ਤਾ ਜੋੜਨ ਨੂੰ ਤਰਜੀਹ ਦਿੰਦੀ ਹੈ। ਜੇਕਰ ਅਜਿਹਾ ਨਹੀਂ ਵਾਪਰਦਾ ਤਾਂ ਉਹ ਅਜਿਹੇ ਅਪ੍ਰਮਾਣਿਕ ਰਿਸ਼ਤੇ ਨੂੰ ਖ਼ਤਮ ਕਰਨ ਵਿੱਚ ਦੋਵਾਂ ਧਿਰਾਂ ਦੀ ਭਲਾਈ ਸਮਝਦੀ ਹੈ। ਇਸਦੇ ਉਲਟ ਪੂਰਬੀ ਔਰਤ ਪਾਤਰ ਪੱਛਮੀ ਸਮਾਜ ਦਾ ਹਿੱਸਾ ਬਣ ਕੇ ਵੀ ਪੱਛਮੀ ਔਰਤ ਪਾਤਰ ਵਾਂਗ ਰਿਸ਼ਤਿਆਂ ਪ੍ਰਤੀ ਉਦਾਰ ਦ੍ਰਿਸ਼ਟੀਕੋਣ ਅਪਣਾਉਣ ਤੋਂ ਕਤਰਾਉਂਦੀ ਹੈ। ਪ੍ਰਵੇਜ਼ ਸੰਧੂ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਆਪਣੀ ਕਹਾਣੀ ਰਾਹੀਂ ਪੂਰਬੀ ਅਤੇ ਪੱਛਮੀ ਸਮਾਜ ਵਿੱਚ ਲੈਸਬੀਅਨ ਸੰਬੰਧਾਂ ਦੇ ਸਭਿਆਚਾਰਕ ਸੰਕਟ ਨੂੰ ਉਭਾਰਦੀ ਹੋਈ ਜਿੱਥੇ ਪਿੱਤਰਸੱਤਾ ਦੁਆਰਾ ਸਿਰਜਤ ਔਰਤ-ਮਰਦ ਰਿਸ਼ਤੇ ਦੇ ਸਭਿਆਚਾਰਕ ਤਰਕ ਨੂੰ ਵਿਸਥਾਪਤ ਕਰਦੀ ਹੈ, ਉੱਥੇ ਨਾਰੀਵਾਦੀ ਦ੍ਰਿਸ਼ਟੀ ਤੋਂ ਔਰਤ ਦੇ ਔਰਤ ਨਾਲ ਲੈਸਬੀਅਨ ਰਿਸ਼ਤੇ ਨੂੰ ਵਧੇਰੇ ਪ੍ਰਤੀਬੱਧ ਅਤੇ ਪ੍ਰਮਾਣਿਕ ਰਿਸ਼ਤੇ ਵਜੋਂ ਪੇਸ਼ ਕਰਦੀ ਹੈ।

ਰਾਣੀ ਨਗਿੰਦਰ ਕੌਰ ਦੀਆਂ ਕਹਾਣੀਆਂ ਨਵ-ਪੂੰਜੀਵਾਦੀ ਦੌਰ ਵਿੱਚ ਉਪਭੋਗਤਾਵਾਦੀ, ਨਿੱਜਵਾਦੀ, ਪੈਸਾ ਕੇਂਦ੍ਰਿਤ ਰੁਚੀਆਂ ਦੇ ਪਨਪਣ ਕਾਰਨ ਪਤੀ-ਪਤਨੀ ਸੰਬੰਧਾਂ ਵਿੱਚ ਵਾਪਰ ਰਹੇ ਸੰਕਟ ਅਤੇ ਇਸ ਵਰਤਾਰੇ ਤੋਂ ਪ੍ਰਭਾਵਿਤ ਹੋ ਰਹੀ ਦੂਜੀ ਪੀੜ੍ਹੀ ਦੀ ਭਾਰਤੀ ਪੰਜਾਬੀ ਅਤੇ ਪਰਵਾਸੀ ਪੰਜਾਬੀ ਔਰਤ ਦੇ

ਮਨੋਸੰਕਟ ਨੂੰ ਅਗਰਭੂਮਿਤ ਕਰਦੀਆਂ ਹਨ। ਇਹਨਾਂ ਕਹਾਣੀਆਂ ਵਿੱਚ ਪੇਸ਼ ਨਾਰੀ ਪਾਤਰਾਂ ਪਦਾਰਥ ਅਤੇ ਪੈਸੇ ਦੀ ਦੌੜ ਵਿੱਚ ਖਚਿਤ ਮਰਦ ਪਤੀ ਦੀ ਭੋਗਵਾਦੀ ਪ੍ਰਵਿਰਤੀ ਅਤੇ ਪਿੱਤਰਕੀ ਵਿਵਹਾਰ ਤੋਂ ਦੁਖੀ ਹੋ ਕੇ ਨਿਰੰਤਰ ਮਾਨਸਿਕ ਪ੍ਰੇਸ਼ਾਨੀ ਵਿੱਚ ਘਿਰੀਆਂ ਦਿਖਾਈ ਦਿੰਦੀਆਂ ਹਨ। ਨਾਰੀਵਾਦੀ ਨਜ਼ਰੀਏ ਤੋਂ ਦੇਖੀਏ ਤਾਂ ਪੂਰਬੀ ਅਤੇ ਪੱਛਮੀ ਸਮਾਜ ਵਿੱਚ ਵਿਚਰ ਰਹੀਆਂ ਇਹਨਾਂ ਪਾਤਰਾਂ ਦਾ ਦੁੱਖ ਬਾਹਰੀ ਪ੍ਰਸਥਿਤੀਆਂ ਨਾਲੋਂ ਕਿਤੇ ਵੱਧ ਉਹਨਾਂ ਦੀ ਸਵੈ-ਵਿਰੋਧੀ ਮਾਨਸਿਕ ਅਵਸਥਾ ਵਿੱਚੋਂ ਉਪਜਦਾ ਹੈ। ਉਹ ਆਪਣੀ ਜ਼ਿੰਦਗੀ ਅਤੇ ਖ਼ੁਸ਼ੀ ਦੇ ਅਰਥ ਮਰਦ ਪਤੀ ਵਿੱਚੋਂ ਤਲਾਸ਼ ਰਹੀਆਂ ਹਨ। ਪਿੱਤਰਕੀ ਸੋਚ ਨੂੰ ਪ੍ਰਣਾਈਆਂ ਇਹ ਪਾਤਰਾਂ ਪਤੀ ਵੱਲੋਂ ਅਣਗੌਲੇ ਜਾਣ ਦੀ ਸੂਰਤ ਵਿੱਚ ਜਿੱਥੇ ਇਕੱਲਤਾ, ਵੈਰਾਨਗੀ ਅਤੇ ਬੇਗਾਨਗੀ ਦਾ ਸੰਤਾਪ ਹੰਢਾਉਂਦੀਆਂ ਹਨ, ਉੱਥੇ ਦੂਜੇ ਪਾਸੇ ਸਭ ਕੁਝ ਜਾਣਦਿਆਂ ਹੋਇਆਂ ਵੀ ਪਤੀ ਨਾਲ ਰਿਸ਼ਤਾ ਬਣਾਈ ਰੱਖਣਾ ਚਾਹੁੰਦੀਆਂ ਹਨ। ਉਹ ਪਤੀ ਰਾਹੀਂ ਹਾਸਿਲ ਪਦਾਰਥਕ ਸੁੱਖ-ਸਹੂਲਤਾਂ ਦੀ ਬਜਾਇ ਉਸ ਪਾਸੋਂ ਭਰਪੂਰ ਪਿਆਰ ਦੀ ਤਵੱਕੋਆਤ ਕਰਦੀਆਂ ਹਨ। ਜਦੋਂਕਿ ਪਿੱਤਰੀ ਸੋਚ ਵਾਲੇ ਪਤੀ ਲਈ ਪਤਨੀ ਦੀਆਂ ਸਰੀਰਕ, ਮਾਨਸਿਕ ਲੋੜਾਂ ਕੋਈ ਮਾਇਨੇ ਨਹੀਂ ਰੱਖਦੀਆਂ ਜਿਸਦੇ ਫਲਸਰੂਪ ਇਹ ਪਾਤਰਾਂ ਸਵੈ-ਤਰਸ ਦੀ ਸ਼ਿਕਾਰ ਹੋ ਜਾਂਦੀਆਂ ਹਨ। ਰਾਣੀ ਨਗਿੰਦਰ ਦੀਆਂ ਕਹਾਣੀਆਂ ਵਿੱਚ ਚੇਤੰਨ ਔਰਤ ਪਾਤਰਾਂ ਦੀ ਵੀ ਪੇਸ਼ਕਾਰੀ ਹੋਈ ਹੈ ਜਿਹੜੀਆਂ ਮਰਦ ਪਤੀ ਨਾਲ ਬਰਾਬਰਤਾ ਦਾ ਰਿਸ਼ਤਾ ਸਿਰਜਣਾ ਚਾਹੁੰਦੀਆਂ ਹਨ। ਇਹ ਜਾਗ੍ਰਿਤ ਪਾਤਰਾਂ ਮਰਦ ਦੇ ਪੈਤਰਿਕ ਵਿਵਹਾਰ ਨੂੰ ਝੱਲਣ ਤੋਂ ਮੁਨਕਰ ਹੁੰਦੀਆਂ ਹੋਈਆਂ ਉਸਦੀ ਮਰਦਾਵੀਂ ਹਉਂ ਨੂੰ ਚੁਣੌਤੀ ਦਿੰਦੀਆਂ ਹਨ। ਰਾਣੀ ਨਗਿੰਦਰ ਦੀਆਂ ਕਈ ਕਹਾਣੀਆਂ ਮਰਦ ਦੀ ਔਰਤ ਨੂੰ ਦੇਹ ਸਮਝਣ ਵਾਲੀ ਪਿੱਤਰਕੀ ਸੋਚ ਨੂੰ ਨੰਗਾ ਕਰਦੀਆਂ ਹਨ। ਉਸ ਦੀਆਂ ਕਹਾਣੀਆਂ ਵਿਚਲੇ ਮਰਦ ਪਾਤਰਾਂ ਦੀ ਦ੍ਰਿਸ਼ਟੀ ਔਰਤ ਦੀ ਮਾਨਵੀ ਹੋਂਦ ਨੂੰ ਪਛਾਣਨ ਤੋਂ ਇਨਕਾਰੀ ਹੈ। ਲੇਕਿਨ ਉਸ ਦੀਆਂ ਚੇਤੰਨ ਔਰਤ ਪਾਤਰਾਂ ਆਪਣੀ ਮਾਨਵੀ ਹੋਂਦ ਦੀ ਸਵਿਕ੍ਰਿਤੀ ਲਈ ਮਰਦ ਦੀ ਔਰਤ ਨੂੰ ਵਸਤੂ ਤੱਕ ਘਟਾ ਦੇਣ ਵਾਲੀ ਪਿੱਤਰੀ ਮਾਨਸਿਕਤਾ ਨੂੰ ਚੈਲੰਜ ਕਰਦੀਆਂ ਹਨ।

ਸਮੁੱਚੇ ਤੌਰ 'ਤੇ ਅਸੀਂ ਇਹਨਾਂ ਛੇ ਕਹਾਣੀਕਾਰਾਂ ਬਾਰੇ ਵਿਸਤ੍ਰਿਤ ਚਰਚਾ ਤੋਂ ਬਾਅਦ ਇਹ ਕਹਿ ਸਕਦੇ ਹਾਂ ਕਿ ਸਮਕਾਲੀ ਪੰਜਾਬੀ ਕਹਾਣੀ ਨਾਰੀ ਅਸਤਿਤਵ, ਦੇਹ, ਮਨ, ਆਜ਼ਾਦੀ ਅਤੇ ਸਵੈ-ਪਛਾਣ ਨਾਲ ਜੁੜੇ ਅਨੇਕਾਂ ਸਰੋਕਾਰਾਂ ਅਤੇ ਸਮੱਸਿਆਵਾਂ ਪਿੱਛੇ ਲੁਕੇ ਕਾਰਨਾਂ ਨੂੰ ਫੜਦੀ ਹੈ। ਇਸ ਦੌਰ ਦੀ ਕਹਾਣੀ ਦੀ ਇਹ ਖਾਸੀਅਤ ਹੈ ਕਿ ਇਹ ਔਰਤ ਨਾਲ ਜੁੜੇ ਹਰ ਇਕ ਪਹਿਲੂ ਨੂੰ ਬੜੀ ਗੰਭੀਰਤਾ ਅਤੇ ਸੂਖ਼ਮ ਦ੍ਰਿਸ਼ਟੀਕੋਣ ਤੋਂ ਵਿਚਾਰਦੀ ਹੈ। ਇਹ ਕਹਾਣੀ ਹਰ ਵਰਗ ਦੀ ਪੰਜਾਬੀ ਨਾਰੀ ਪੇਂਡੂ, ਦਲਿਤ, ਸ਼ਹਿਰੀ, ਮਹਾਂਨਗਰੀ, ਪਰਵਾਸੀ, ਸਾਧਾਰਨ, ਘਰੇਲੂ, ਅਨਪੜ੍ਹ, ਪੜ੍ਹੀ-ਲਿਖੀ, ਨੌਕਰੀ-ਪੇਸ਼ਾ ਆਦਿ ਨਾਲ ਸੰਬੰਧਿਤ

ਵਿਭਿੰਨ ਮਸਲਿਆਂ ਨੂੰ ਆਪਣੀਆਂ ਸਮਕਾਲੀ ਸਮਾਜ-ਸਭਿਆਚਾਰਕ ਪ੍ਰਸਥਿਤੀਆਂ ਦੇ ਨਾਲ-ਨਾਲ ਵਿਸ਼ਵ ਪੱਧਰ 'ਤੇ ਵਾਪਰ ਰਹੇ ਨਵੇਂ ਘਟਨਾਕ੍ਰਮ ਦੇ ਸਨਮੁੱਖ ਰੱਖ ਕੇ ਪੇਸ਼ ਕਰਦੀ ਹੋਈ ਆਪਣੀ ਨਿਵੇਕਲੀ ਅਤੇ ਮਹੱਤਵਪੂਰਨ ਪਛਾਣ ਸਥਾਪਿਤ ਕਰ ਰਹੀ ਹੈ।

0–0–0